**ਜਮਾਤ ਬਾਰਵੀਂ**

**ਵਿਸ਼ਾ ਇਤਿਹਾਸ**

**ਅਧਿਐਨ ਸਮੱਗਰੀ (2025-26)**

**ਤਿਆਰ ਕਰਤਾ:**



| | |
|---|---|
| **ਸ: ਕਰਨੈਲ ਸਿੰਘ ਨਿਰਮਾਣ,<br>ਲੈਕਚਰਾਰ ਇਤਿਹਾਸ<br>ਸ.ਸ.ਸ.ਸ.ਫਤਿਹਗੜ੍ਹ ਛੰਨਾ<br>(ਪਟਿਆਲਾ)** | **ਸ੍ਰੀ ਰਜਿੰਦਰ ਕੁਮਾਰ,<br>ਲੈਕਚਰਾਰ ਇਤਿਹਾਸ<br>ਸ.ਸ.ਸ.ਸ. ਬਾਦਸ਼ਾਹਪੁਰ ਕਾਲੇਕੀ (ਪਟਿਆਲਾ)** |
| **ਸ੍ਰੀ ਗੁਰਵਿੰਦਰ ਸਿੰਘ,<br>ਲੈਕਚਰਾਰ ਇਤਿਹਾਸ<br>ਸ.ਸ.ਸ.ਸ. ਪੰਡੋਰੀ ਨਿੱਝਰਾਂ (ਜਲੰਧਰ)** | **ਸ੍ਰੀ ਸੰਜੀਵ ਕੁਮਾਰ,<br>ਲੈਕਚਰਾਰ ਇਤਿਹਾਸ,<br>ਸ.ਸ.ਸ.ਸ.ਸੈਦੋਵਾਲ ਖੁਰਦ (ਗੁਰਦਾਸਪੁਰ)** |



**ਭਾਗ (ੳ)** **10x 1 = 10**

ਬਹੁਵਿਕਲਪੀ ਪ੍ਰਸ਼ਨ :-

(i) ਹੇਠ ਦਿੱਤੇ ਕਥਨਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਸਹੀ ਉੱਤਰ ਦਿਓ:- 1

(X) ਆਲਮ ਖਾਂ ਲੋਧੀ ਸਿਕੰਦਰ ਲੋਧੀ ਦਾ ਪੁੱਤਰ ਤੇ ਇਬਰਾਹੀਮ ਲੋਧੀ ਦਾ ਮਤਰੇਆ ਭਰਾ ਸੀ ।

(Y) ਆਲਮ ਖਾਂ ਲੋਧੀ ਤਾਤਰ ਖਾਨ ਦਾ ਪੁੱਤਰ ਅਤੇ ਦੌਲਤ ਖਾਂ ਲੋਧੀ ਦਾ ਮਤਰੇਆ ਭਰਾ ਸੀ ।

(Z) ਇਬਰਾਹੀਮ ਲੋਧੀ ਸਿਕੰਦਰ ਲੋਧੀ ਦਾ ਪੁੱਤਰ ਤੇ ਬਹਿਲੋਲ ਲੋਧੀ ਦਾ ਪੋਤਰਾ ਸੀ।

(ੳ) X ਤੇ Y ਸਹੀ ਹਨ ਜਦੋਂਕਿ Z ਗਲਤ ਹੈ। (ਅ) X ਤੇ Z ਸਹੀ ਹਨ ਜਦੋਂਕਿ Y ਗਲਤ ਹੈ।

(ੲ) Y ਤੇ Z ਗਲਤ ਹੈ ਜਦੋਂਕਿ X ਸਹੀ ਹੈ। (ਸ) Y ਤੇ Z ਸਹੀ ਹਨ X ਗਲਤ ਹੈ।

(ii) ਸ੍ਰੀ ਗੁਰੂ ਹਰਿਰਾਏ ਜੀ ਦੁਆਰਾ ਧਰਮ ਪ੍ਰਚਾਰ ਲਈ ਭੇਜੇ ਗਏ ਪ੍ਰਚਾਰਕਾਂ ਸਬੰਧੀ ਕਿਹੜਾ ਕਥਨ ਸਹੀ ਨਹੀਂ ਹੈ? 1

(ੳ)ਭਾਈ ਮੰਝ ਜੀ ਨੂੰ ਧਰਮ ਪ੍ਰਚਾਰ ਲਈ ਕੰਧਾਰ ਭੇਜਿਆ ਗਿਆ ਸੀ।

(ਅ)ਭਾਈ ਗੋਂਦਾ ਜੀ ਨੂੰ ਧਰਮ ਪ੍ਰਚਾਰ ਲਈ ਕਾਬਲ ਭੇਜਿਆ ਗਿਆ ਸੀ।

(ੲ)ਭਾਈ ਜੋਧ ਜੀ ਨੂੰ ਧਰਮ ਪ੍ਰਚਾਰ ਲਈ ਮੁਲਤਾਨ ਭੇਜਿਆ ਗਿਆ ਸੀ।

(ਸ)ਭਾਈ ਫੇਰੂ ਜੀ ਨੂੰ ਧਰਮ ਪ੍ਰਚਾਰ ਲਈ ਰਾਜਸਥਾਨ ਭੇਜਿਆ ਗਿਆ ਸੀ।

(iii) (ii) ਹੇਠ ਲਿਖਿਆਂ ਵਿੱਚੋਂ ਕਿਹੜਾ ਕਾਰਜ਼ ਸ੍ਰੀ ਗੁਰੂ ਅਮਰਦਾਸ ਜੀ ਨਾਲ ਸਬੰਧਿਤ ਨਹੀਂ ਹੈ? 1

(ੳ) ਗੋਇੰਦਵਾਲ ਸਾਹਿਬ ਵਿਖੇ ਬਾਉਲੀ ਦਾ ਨਿਰਮਾਣ (ਅ) ਅਨੰਦ ਸਾਹਿਬ ਦੀ ਰਚਨਾ

(ੲ) ਮੰਜੀ ਪ੍ਰਥਾ ਦੀ ਸਥਾਪਨਾ (ਸ) ਗੋਇੰਦਵਾਲ ਸਾਹਿਬ ਨਗਰ ਵਸਾਉਣਾ

(iv) ਧਿਆਨ ਨਾਲ ਪੜ੍ਹੋ ਤੇ ਉੱਤਰ ਦਿਓ:- 1

| ਮਿਸਲ | ਪ੍ਰਸਿੱਧ ਸਰਦਾਰ |
|---|---|
| 1. ਕਰੋੜਸਿੰਘੀਆ | (i) ਤਾਰਾ ਸਿੰਘ ਘੇਬਾ |
| 2. ਡੱਲੇਵਾਲੀਆ | (ii) ਜੈ ਸਿੰਘ |
| 3. ਸ਼ਹੀਦ | (iii) ਬਘੇਲ ਸਿੰਘ |
| 4. ਕਨੱਈਆ | (iv) ਬਾਬਾ ਦੀਪ ਸਿੰਘ |

ਉਪਰੋਕਤ ਦੇ ਅਧਾਰ ਤੇ ਕਿਹੜਾ ਸਹੀ ਹੈ:-

| | 1 | 2 | 3 | 4 |
|---|---|---|---|---|
| (ੳ) | (iii) | (iv) | (i) | (ii) |
| (ਅ) | (iii) | (i) | (iv) | (ii) |
| (ੲ) | (i) | (ii) | (iii) | (iv) |
| (ਸ) | (iv) | (iii) | (ii) | (i) |

(iii) 16ਵੀ ਸਦੀ ਦੇ ਆਰੰਭ ਵਿੱਚ ਕਿਹੜਾ ਪੰਜਾਬ ਵਿੱਚ ਉੱਚ ਸਿੱਖਿਆ ਦਾ ਪ੍ਰਸਿੱਧ ਕੇਂਦਰ ਸੀ ? 1

(ੳ) ਪਟਿਆਲਾ (ਅ) ਸਮਾਣਾ (ੲ) ਅੰਮ੍ਰਿਤਸਰ (ਸ) ਤਰਨਤਾਰਨ

(iv) (A) ਇਹ ਮੀਰ ਮੰਨੂ ਦਾ ਦੀਵਾਨ ਸੀ ਜੋ ਸਿੱਖਾਂ ਨਾਲ ਹਮਦਰਦੀ ਰੱਖਦਾ ਸੀ।

(B) ਸਤਿਕਾਰ ਵਜੋਂ ਸਿੱਖ ਇਸਨੂੰ ਮਿੱਠਾ ਮੱਲ ਕਹਿੰਦੇ ਸਨ।

ਇਹ ਕੌਣ ਸੀ? 1

(ੳ) ਜਸਪਤ ਰਾਏ (ਅ) ਕੌੜਾ ਮੱਲ (ੲ) ਸੁੱਚਾ ਨੰਦ (ਸ) ਲਖਪਤ ਰਾਏ

(v) ਕਿਹੜਾ ਮਿਲਾਨ ਗ਼ਲਤ ਹੈ?

| ਰਚਨਾ | ਲੇਖਕ |
|---|---|
| (ੳ) ਗੁਰਸੋਭਾ | ਸੈਨਾਪਤ |
| (ਅ) ਬੰਸ਼ਾਵਲੀਨਾਮਾ | ਸੰਤੋਖ ਸਿੰਘ |
| (ੲ) ਸਿੱਖਾਂ ਦੀ ਭਗਤਮਾਲਾ | ਭਾਈ ਮਨੀ ਸਿੰਘ |
| (ਸ) ਪ੍ਰਾਚੀਨ ਪੰਥ ਪ੍ਰਕਾਸ਼ | ਰਤਨ ਸਿੰਘ ਭੰਗੂ |

(vi) ਹੇਠ ਲਿਖੇ ਕਥਨਾਂ ਵਿੱਚੋਂ ਗਲਤ ਕਥਨ ਦੀ ਪਹਿਚਾਣ ਕਰੋ:- 1

(ੳ) ਹੈਦਰੋਂ ਦੀ ਲੜਾਈ ਵਿੱਚ ਪਹਿਲੀ ਵਾਰੀ ਲਾਹੌਰ ਦਰਬਾਰ ਦੀਆਂ ਸਿੱਖ ਫੌਜਾਂ ਨੇ ਅਫਗਾਨਾਂ ਨੂੰ ਹਰਾਇਆ ਸੀ।

(ਅ) ਮੁਲਤਾਨ ਦੀ ਜਿੱਤ ਨੇ ਪੰਜਾਬ ਵਿੱਚੋਂ ਹਮੇਸ਼ਾ ਲਈ ਅਫਗਾਨਾਂ ਦੇ ਪ੍ਰਭਾਵ ਨੂੰ ਖਤਮ ਕਰ ਦਿੱਤਾ।

(ੲ) ਅਫਗਾਨਿਸਤਾਨ ਦਾ ਸਾਬਕਾ ਸ਼ਾਸਕ ਸ਼ਾਹ ਸ਼ੁਜਾਹ ਕਸੂਰ ਦੀ ਲੜਾਈ ਵਿੱਚ ਦੀਵਾਨ ਮੋਹਕਮ ਚੰਦ ਹੱਥੋਂ ਮਾਰਿਆ ਗਿਆ।

(ਸ) ਨੌਸ਼ਹਿਰਾ ਵਿਖੇ ਸਿੱਖਾਂ ਦੀ ਜਿੱਤ ਨੇ ਸਿੰਧ ਨਦੀ ਦੇ ਪਰਲੇ ਪਾਸੇ ਅਫਗਾਨਾਂ ਦਾ ਸਰਬਉੱਤਾ ਸਦਾ ਲਈ ਖਤਮ ਕਰ ਦਿੱਤੀ।

**ਭਾਗ (ਅ) 10 x 1 = 10**

2. ਹਰੇਕ ਪ੍ਰਸ਼ਨ ਦਾ ਉੱਤਰ ਇੱਕ ਸ਼ਬਦ ਜਾਂ ਲਾਇਨ ਵਿੱਚ ਦਿਓ :-

(i) ਆਲਮ ਖਾ ਲੋਧੀ ਕਿਸ ਦਾ ਪੁੱਤਰ ਸੀ ? 1

ਉੱਤਰ: - ਆਲਮ ਖਾ ਲੋਧੀ ਸਿਕੰਦਰ ਲੋਧੀ ਦਾ ਪੁੱਤਰ ਸੀ।

(ii) ਪੰਜਾਬ ਦੇ ਇਤਿਹਾਸ ਸਬੰਧੀ ਜੇ ਡੀ ਕਨਿੰਘਮ ਦੀ ਰਚਨਾ ਦਾ ਨਾਮ ਦੱਸੋ? 1

ਉੱਤਰ: - ਪੰਜਾਬ ਦੇ ਇਤਿਹਾਸ ਸਬੰਧੀ ਜੇ ਡੀ ਕਨਿੰਘਮ ਦੀ ਰਚਨਾ ਦਾ ਨਾਮ History of The Sikhs ਹੈ।

(iii) ਹਮਾਂਯੂ ਨੇ ਸ਼੍ਰੀ ਗੁਰੂ ਅੰਗਦ ਦੇਵ ਜੀ ਨਾਲ ਮੁਲਾਕਾਤ ਕਿੱਥੇ ਕੀਤੀ ? 1

ਉੱਤਰ: - ਹਮਾਂਯੂ ਨੇ ਸ਼੍ਰੀ ਗੁਰੂ ਅੰਗਦ ਦੇਵ ਜੀ ਨਾਲ ਮੁਲਾਕਾਤ ਖੰਡੂਰ ਸਾਹਿਬ ਵਿਖੇ ਕੀਤੀ।

(iv) ਸ਼੍ਰੀ ਗੁਰੂ ਹਰਗੋਬਿੰਦ ਜੀ ਨੇ ਘੋੜ ਸਵਾਰੀ ਦੀ ਸਿੱਖਿਆ ਕਿਸ ਪਾਸੋਂ ਪ੍ਰਾਪਤ ਕੀਤੀ ? 1

ਉੱਤਰ: - ਸ਼੍ਰੀ ਗੁਰੂ ਹਰਗੋਬਿੰਦ ਜੀ ਨੇ ਘੋੜ ਸਵਾਰੀ ਦੀ ਸਿੱਖਿਆ ਬਾਬਾ ਬੁੱਢਾ ਜੀ ਪਾਸੋਂ ਪ੍ਰਾਪਤ ਕੀਤੀ

(v) ਸ਼ੈਫਾਬਾਦ ਵਿਖੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਕਿਸਨੂੰ ਮਿਲੇ ਸਨ? 1

ਉੱਤਰ: - ਸ਼ੈਫਾਬਾਦ ਵਿਖੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਸ਼ੈਫ ਖਾਂ ਮਿਲੇ ਸਨ।

(vi) ਛੋਟੇ ਘੱਲੂਘਾਰੇ ਸਮੇਂ ਲਾਹੌਰ ਦਾ ਸੂਬੇਦਾਰ ਕੌਣ ਸੀ ? 1

ਉੱਤਰ: - ਛੋਟੇ ਘੱਲੂਘਾਰੇ ਸਮੇਂ ਲਾਹੌਰ ਦਾ ਸੂਬੇਦਾਰ ਯਾਹੀਆ ਖਾਂ ਸੀ।

(vii) ਤਾਰਾ ਸਿੰਘ ਘੇਬਾ ਕਿਸ ਮਿਸਲ ਦਾ ਸਰਦਾਰ ਸੀ? 1

ਉੱਤਰ: - ਤਾਰਾ ਸਿੰਘ ਘੇਬਾ ਡੱਲੇਵਾਲੀਆ ਮਿਸਲ ਦਾ ਸਰਦਾਰ ਸੀ।

(viii) ਲਾਹੌਰ ਦੀ ਸੰਧੀ (1806 ਈ:) ਤੇ ਰਣਜੀਤ ਸਿੰਘ ਵੱਲੋਂ ਕਿਸੇ ਨੇ ਦਸਤਖ਼ਤ ਕੀਤੇ ਸਨ ? 1

ਉੱਤਰ: - ਲਾਹੌਰ ਦੀ ਸੰਧੀ (1806 ਈ:) ਤੇ ਰਣਜੀਤ ਸਿੰਘ ਵੱਲੋਂ ਸਰਦਾਰ ਫਤਹਿ ਸਿੰਘ ਆਹਲੂਵਾਲੀਆ ਨੇ ਦਸਤਖ਼ਤ ਕੀਤੇ ਸਨ।

(ix) ਮਹਾਰਾਜਾ ਰਣਜੀਤ ਸਿੰਘ ਦੇ ਕਿਸੇ ਫ੍ਰਾਂਸੀਸੀ ਜਰਨੈਲ ਦਾ ਨਾਂ ਦੱਸੋ ? 1

ਉੱਤਰ: - ਜਨਰਲ ਵੈਂਤੂਰਾ ਮਹਾਰਾਜਾ ਰਣਜੀਤ ਸਿੰਘ ਦਾ ਫ੍ਰਾਂਸੀਸੀ ਜਰਨੈਲ ਸੀ।

(x) ਦੌਲਤ ਖਾਂ ਲੋਧੀ ਕਿਸੇ ਦਾ ਪੁੱਤਰ ਸੀ ?

ਉੱਤਰ: - ਦੌਲਤ ਖਾਂ ਲੋਧੀ ਤਾਤਰ ਖਾਂ ਦਾ ਪੁੱਤਰ ਸੀ।

(xi) ਜਫਰਨਾਮਾ ਕਿਸ ਭਾਸ਼ਾ ਵਿੱਚ ਲਿਖਿਆ ਹੋਇਆ ਹੈ ?

ਉੱਤਰ: - ਜਫਰਨਾਮਾ ਫਾਰਸੀ ਭਾਸ਼ਾ ਵਿੱਚ ਲਿਖਿਆ ਹੋਇਆ ਹੈ।

(xii) ਬਚਿੱਤਰ ਨਾਟਕ ਕਿਸ ਭਾਸ਼ਾ ਵਿੱਚ ਲਿਖਿਆ ਗਿਆ ਹੈ?

ਉੱਤਰ: - ਬਚਿੱਤਰ ਨਾਟਕ ਹਿੰਦੀ ਵਿੱਚ ਲਿਖਿਆ ਹੋਇਆ ਹੈ

(xiii) ਸ੍ਰੀ ਗੁਰੂ ਅਮਰਦਾਸ ਜੀ ਦਾ ਸਮਕਾਲੀ ਮੁਗਲ ਬਾਦਸ਼ਾਹ ਕੌਣ ਸੀ?

ਉੱਤਰ: - ਸ੍ਰੀ ਗੁਰੂ ਅਮਰਦਾਸ ਜੀ ਦਾ ਸਮਕਾਲੀ ਮੁਗਲ ਬਾਦਸ਼ਾਹ ਅਕਬਰ ਸੀ।

(xiv) ਖਾਲਸਾ ਦਰਬਾਰ ਰਿਕਾਰਡ ਕਿਸ ਭਾਸ਼ਾ ਵਿੱਚ ਹੈ ? 1

ਉੱਤਰ: - ਖਾਲਸਾ ਦਰਬਾਰ ਰਿਕਾਰਡ ਫਾਰਸੀ ਭਾਸ਼ਾ ਵਿੱਚ ਹੈ।

(xv) ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਭਾਈ ਲਹਿਣਾ ਜੀ ਦੀ ਪਹਿਲੀ ਮੁਲਾਕਾਤ ਕਿੱਥੇ ਹੋਈ ? 1

ਉੱਤਰ: - ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਭਾਈ ਲਹਿਣਾ ਜੀ ਦੀ ਪਹਿਲੀ ਮੁਲਾਕਾਤ ਕਰਤਾਰਪੁਰ ਵਿਖੇ ਹੋਈ।

(xvi) ' ਲਾਵਾਂ ' ਦੀ ਰਚਨਾ ਕਿਸਨੇ ਕੀਤੀ ? 1

ਉੱਤਰ: - ਲਾਵਾਂ ' ਦੀ ਰਚਨਾ ਸ੍ਰੀ ਗੁਰੂ ਰਾਮਦਾਸ ਜੀ ਨੇ ਕੀਤੀ ਸੀ।

**ਭਾਗ (ੲ)** **5 x 3 = 15**

3. ਕੋਈ ਪੰਜ ਪ੍ਰਸ਼ਨ ਕਰੋ। ਹਰੇਕ ਭਾਗ ਵਿੱਚੋਂ ਦੋ ਪ੍ਰਸ਼ਨ ਕਰਨੇ ਜਰੂਰੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 30 -35 ਸ਼ਬਦਾਂ ਵਿੱਚ ਦਿਓ :- (A)

(i) ਸੱਚਾ ਸੌਦਾ ਘਟਨਾ ਬਾਰੇ ਜਾਣਕਾਰੀ ਦਿਓ। 3

(ii) ਅਕਾਲ ਤਖ਼ਤ ਸਾਹਿਬ ਤੇ ਨੋਟ ਲਿਖੋ। 3

(iii) ਬਾਬਾ ਬਕਾਲੇ ਇਹ ਕਿਸ ਗੁਰੂ ਸਾਹਿਬ ਜੀ ਦੇ ਆਖਰੀ ਸ਼ਬਦ ਸਨ ਅਤੇ ਇਸ ਤੋਂ ਕੀ ਭਾਵ ਸੀ? 3

(iv) ਮਾਤਾ ਗੁਜ਼ਰੀ ਜੀ ਤੇ ਨੋਟ ਲਿਖੋ। 3

(v) ਭਾਈ ਜੇਠਾ ਜੀ ਸ੍ਰੀ ਗੁਰੂ ਰਾਮਦਾਸ ਜੀ ਕਿਵੇਂ ਬਣੇ? 3

(vi) ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ 'ਤੇ ਨੋਟ ਲਿਖੋ। 3

(vii) ਬੰਦਾ ਸਿੰਘ ਬਹਾਦਰ ਜੀ ਦੀ ਸਮਾਣਾ ਦੀ ਜਿੱਤ ਉੱਤੇ ਨੋਟ ਲਿਖੋ। 3

(viii) ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ 'ਤੇ ਨੋਟ ਲਿਖੋ। 3

(ix) ਗੁਰਦਾਸ ਨੰਗਲ ਦੀ ਲੜਾਈ ਤੇ ਨੋਟ ਲਿਖੋ। 3

**(B)**

(i) ਫੈਜਲਪੁਰੀਆ ਮਿਸਲ ਤੇ ਨੋਟ ਲਿਖੋ। 3

(ii) ਮੁਗਲ ਕਾਲੀਨ ਪੰਜਾਬ ਵਿੱਚ ਸਿੱਖਿਆ ਪ੍ਰਬੰਧ ਕਿਹੋ ਜਿਹਾ ਸੀ? 3

(iii) ਸ਼ਾਮ ਸਿੰਘ ਅਟਾਰੀਵਾਲਾ 'ਤੇ ਨੋਟ ਲਿਖੋ। 3

(iv) ਯੂਸਫ਼ ਅਲੀ ਮਿਸ਼ਨ ਬਾਰੇ ਜਾਣਕਾਰੀ ਦਿਓ? 3

(v) ਨੌਸ਼ਹਿਰਾ ਦੀ ਲੜਾਈ 'ਤੇ ਨੋਟ ਲਿਖੋ।3

(vi) ਮਹਾਰਾਜਾ ਰਣਜੀਤ ਸਿੰਘ ਸਾਰੇ ਧਰਮਾਂ ਪ੍ਰਤੀ ਸਹਿਣਸ਼ੀਲ ਤੇ ਉਦਾਰ ਸ਼ਾਸਕ ਸੀ। ਟਿੱਪਣੀ ਕਰੋ। 3

(vii) ਮਿਸਲਾਂ ਅਧੀਨ ਰਾਖੀ ਪ੍ਰਥਾ ਕੀ ਸੀ।

(viii) ਭਾਈ ਬੋਤਾ ਸਿੰਘ ਅਤੇ ਭਾਈ ਗਰਜਾ ਸਿੰਘ ਦੀ ਸ਼ਹੀਦੀ ਤੇ ਨੋਟ ਲਿਖੋ। 3

**ਉਦਾਹਰਣ ਵਜੋਂ ਹੱਲ ਪ੍ਰਸ਼ਨ ਤਿੰਨ ਅੰਕ ਵਾਲੇ**

**ਪ੍ਰਸ਼ਨ:- ਆਦਿ ਗ੍ਰੰਥ ਸਾਹਿਬ ਜੀ ਦੇ ਸੰਪਾਦਨ ਦੇ ਤਿੰਨ ਕਾਰਨ ਦੱਸੋ?**

ਉੱਤਰ:-ਆਦਿ ਗ੍ਰੰਥ ਸਾਹਿਬ ਜੀ ਦੇ ਸੰਪਾਦਨ ਦੇ ਤਿੰਨ ਕਾਰਨ ਹੇਠ ਲਿਖੇ ਹਨ:- 1.ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਸਿੱਖਾਂ ਦੀ ਗਿਣਤੀ ਕਾਫ਼ੀ ਵਧ ਗਈ ਸੀ ਇਸ ਲਈ ਸਿੱਖਾਂ ਦੀ ਰਹਿਨੁਮਾਈ ਦੇ ਲਈ ਇੱਕ ਪਵਿੱਤਰ ਧਾਰਮਿਕ ਗ੍ਰੰਥ ਦੀ ਲੋੜ ਸੀ।

2. ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਨੇ ਅਪਣੀਆਂ ਰਚਨਾਵਾਂ ਦਾ ਗੁਰੂ ਸਾਹਿਬਾਨ ਦੀ ਬਾਣੀ ਕਹਿ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਸੀ।

3. ਸਿੱਖਾਂ ਦੀ ਵੱਖਰੀ ਹੋਂਦ ਸਥਾਪਤ ਕਰਨ ਲਈ ਅਪਣੇ ਅਲੱਗ ਧਰਮ ਗ੍ਰੰਥ ਦੀ ਲੋੜ ਸੀ। ਗੁਰੂ ਸਾਹਿਬ ਜੀ ਨੇ ਇਸ ਲੋੜ ਨੂੰ ਪੂਰਾ ਕਰ ਦਿੱਤਾ ਸੀ।

4..ਸ਼੍ਰੀ ਗੁਰੂ ਅਮਰਦਾਸ ਜੀ ਨੇ ਵੀ ਸਿੱਖਾਂ ਨੂੰ ਗੁਰੂ ਸਾਹਿਬਾਨ ਦੀ ਸੱਚੀ ਬਾਣੀ ਪੜ੍ਹਨ ਲਈ ਆਦੇਸ਼ ਦਿੱਤਾ ਸੀ।

**ਪ੍ਰਸ਼ਨ:- ਸ਼੍ਰੀ ਗੁਰੂ ਹਰਰਾਏ ਸਾਹਿਬ ਜੀਤੇ ਨੋਟ ਲਿਖੋ।**

ਉੱਤਰ:- ਸ਼੍ਰੀ ਗੁਰੂ ਹਰਰਾਏ ਸਾਹਿਬ ਸਿੱਖਾਂ ਦੇ ਸੱਤਵੇਂ ਗੁਰੂ ਸਨ। ਆਪ ਜੀ ਦਾ ਜਨਮ 1645 ਈ ਵਿੱਚ ਕੀਰਤਪੁਰ ਸਾਹਿਬ ਵਿਖੇ ਹੋਇਆ।ਆਪ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੋਤਰੇ ਅਤੇ ਬਾਬਾ ਗੁਰਦਿੱਤਾ ਜੀ ਅਤੇ ਮਾਤਾ ਨਿਹਾਲ ਕੌਰ ਦੇ ਸਪੁੱਤਰ ਸਨ। ਗੁਰੂ ਜੀ ਬਹੁਤ ਕੋਮਲ ਸੁਭਾਅ ਅਤੇ ਸ਼ਾਂਤ ਰਹਿਣ ਵਾਲੇ ਸਨ।ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ਼੍ਰੀ ਗੁਰੂ ਹਰਰਾਏ ਸਾਹਿਬ ਨੂੰ ਅਪਣਾ ਉੱਤਰਾਧਿਕਾਰੀ ਨਿਯੁਕਤ ਕੀਤਾ ਸੀ। ਸਿੱਖ ਧਰਮ ਦੇ ਪ੍ਰਚਾਰ ਹਿੱਤ ਆਪ ਜੀ ਨੇ ਤਿੰਨ ਬਖਸ਼ਿਸ਼ਾਂ ਸਥਾਪਿਤ ਕੀਤੀਆਂ।ਆਪ ਜੀ ਨੇ ਆਪਣੇ ਛੋਟੇ ਪੁੱਤਰ ਸ਼੍ਰੀ ਗੁਰੂ ਹਰਕ੍ਰਿਸ਼ਨ ਜੀ ਨੂੰ ਗੁਰਗੱਦੀ ਸੌਂਪੀ ਅਤੇ 1661 ਈ ਵਿੱਚ ਜੋਤੀ ਜੋਤਿ ਸਮਾ ਗਏ।

**ਪ੍ਰਸ਼ਨ:- ਤ੍ਰੈ-ਪੱਖੀ ਸੰਧੀ ਦੀਆਂ ਧਾਰਾਵਾਂ ਦੱਸੋ?**

ਉੱਤਰ: 1837 ਈ: ਵਿੱਚ ਅੰਗਰੇਜ਼ਾਂ , ਅਫ਼ਗਾਨਿਸਤਾਨ ਦੇ ਸਾਬਕਾ ਸ਼ਾਸਕ ਸ਼ਾਹ ਸੁਜਾਹ ਅਤੇ ਮਹਾਰਾਜਾ ਰਣਜੀਤ ਸਿੰਘ ਵਿਚਕਾਰ ਇੱਕ ਸੰਧੀ ਹੋਈ ਜਿਸ ਨੂੰ ਤ੍ਰੈ-ਪੱਖੀ ਸੰਧੀ ਕਿਹਾ ਜਾਂਦਾ ਹੈ। ਇਸ ਸੰਧੀ ਦੀਆਂ ਧਾਰਾਵਾਂ ਹੇਠ ਲਿਖੇ ਅਨੁਸਾਰ ਸਨ :-

1. ਸ਼ਾਹ ਸ਼ੁਜਾਹ ਨੂੰ ਅਫ਼ਗਾਨਿਸਤਾਨ ਦਾ ਬਾਦਸ਼ਾਹ ਬਣਾਇਆ ਜਾਵੇਗਾ।

2. ਸ਼ਾਹ ਸ਼ੁਜਾਹ ਮਹਾਰਾਜਾ ਰਣਜੀਤ ਸਿੰਘ ਦੁਆਰਾ ਜਿੱਤੇ ਅਫ਼ਗਾਨ ਇਲਾਕਿਆਂ ਤੇ ਮਹਾਰਾਜੇ ਦਾ ਅਧਿਕਾਰ ਸਵੀਕਾਰ ਕਰ ਲਵੇਗਾ।

3. ਸਿੰਧ ਦੇ ਸਬੰਧ ਵਿੱਚ ਸ਼ਾਹ ਸੁਜਾਹ ਮਹਾਰਾਜੇ ਅਤੇ ਅੰਗਰੇਜ਼ਾਂ ਵਿਚਕਾਰ ਹੋਣ ਵਾਲੇ ਫੈਸਲੇ ਨੂੰ ਮੰਨੇਗਾ।

4. ਅੰਗਰੇਜ਼ਾਂ ਅਤੇ ਸਿੱਖਾਂ ਦੀ ਸਹਾਇਤਾ ਤੋਂ ਬਿਨਾਂ ਸ਼ਾਹ ਸੁਜਾਹ ਕਿਸੇ ਹੋਰ ਸ਼ਕਤੀ ਨਾਲ ਸਬੰਧ ਨਹੀਂ ਬਣਾਵੇਗਾ।

5. ਇੱਕ ਦੇਸ਼ ਦਾ ਦੁਸ਼ਮਣ ਦੂਜੇ ਦੇ ਦੇਸ਼ਾਂ ਦਾ ਵੀ ਦੁਸ਼ਮਣ ਸਮਝਿਆ ਜਾਵੇਗਾ।

6. ਸ਼ਾਹ ਸ਼ੁਜਾਹ ਨੂੰ ਗੱਦੀ ਤੇ ਬਿਠਾਉਣ ਲਈ ਮਹਾਰਾਜਾ ਰਣਜੀਤ ਸਿੰਘ 5000 ਸੈਨਿਕ ਭੇਜੇਗਾ।

**ਪ੍ਰਸ਼ਨ . ਭਰੋਵਾਲ ਦੀ ਸੰਧੀ ਦੀਆਂ ਸ਼ਰਤਾਂ ਲਿਖੋ।**

ਉੱਤਰ - ਭੈਰੋਵਾਲ ਦੀ ਸੰਧੀ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਸਨ।

1. 4 ਸਤੰਬਰ 1854 ਈ :ਨੂੰ ਮਹਾਰਾਜਾ ਦਲੀਪ ਸਿੰਘ ਦੇ ਬਾਲਗ ਹੋ ਜਾਣ ਤੱਕ ਲਾਹੌਰ ਰਾਜ ਦਾ ਸ਼ਾਸਨ ਪ੍ਰਬੰਧ ਬ੍ਰਿਟਿਸ਼ ਸਰਕਾਰ ਦੁਆਰਾ ਨਿਯੁਕਤ ਅੰਗਰੇਜ਼ ਰੈਜ਼ੀਡੈਂਟ ਚਲਾਏਗਾ।

2. ਲਾਹੌਰ ਰਾਜ ਦੇ ਸ਼ਾਸਨ ਪ੍ਰਬੰਧ ਵਿੱਚ ਅੰਗਰੇਜ਼ ਰੈਜ਼ੀਡੈਂਟ ਦੀ ਸਹਾਇਤਾ ਲਈ ਅੱਠ ਸਿੱਖ ਸਰਦਾਰਾਂ ਦੀ ਇੱਕ ਸੰਰੱਖਿਅਣ ਪਰਿਸ਼ਦ )Council of Regency) ਸਥਾਪਿਤ ਕੀਤੀ ਗਈ।

3. ਮਹਾਰਾਣੀ ਜਿੰਦਾ ਨੂੰ ਸ਼ਾਸਨ ਪ੍ਰਬੰਧ ਤੋਂ ਵੱਖ ਕਰਕੇ ਡੇਢ ਲੱਖ ਰੁਪਏ ਸਲਾਨਾ ਪੈਨਸ਼ਨ ਲਗਾ ਦਿੱਤੀ ਗਈ।

4. ਮਹਾਰਾਜਾ ਦਲੀਪ ਸਿੰਘ ਦੀ ਰੱਖਿਆ ਅਤੇ ਰਾਜ ਵਿੱਚ ਸ਼ਾਤੀ ਲਈ ਅੰਗਰੇਜ਼ ਫੌਜ ਲਾਹੌਰ ਵਿੱਚ ਰਹੇਗੀ ਜਿਸਦਾ ਸਲਾਨਾ ਖਰਚ 22 ਲੱਖ ਰੁਪਏ ਲਾਹੌਰ ਦਰਬਾਰ ਦੇਵੇਗਾ।

**ਭਾਗ (ਹ)** 10 + 10 = 20

5. (II) ਕੋਈ ਦੋ ਪ੍ਰਸ਼ਨਾਂ ਦਾ ਉੱਤਰ ਦਿਓ। ਹਰੇਕ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਲਿਖੋ -: 5 + 5 = 10

(i) ਸ੍ਰੀ ਗੁਰੂ ਨਾਨਕ ਦੇਵ ਜੀ ਦੇ ਈਸ਼ਵਰ ਸਬੰਧੀ ਵਿਚਾਰਾਂ ਦੀ ਵਿਆਖਿਆ ਕਰੋ। 5

(ii) ਭਾਈ ਮੱਖਣ ਸ਼ਾਹ ਲੁਬਾਣਾ ਨੇ ਸੱਚੇ ਗੁਰੂ ਦੇ ਰੂਪ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਕਿਵੇਂ ਲੱਭਿਆ ਸੀ? 5

(iii) ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸਾਥੀ ਸਿੱਖਾਂ ਦੀ ਸ਼ਹੀਦੀ ਕਿਸ ਤਰ੍ਹਾਂ ਹੋਈ। 5

5. (II) ਕੋਈ ਦੋ ਪ੍ਰਸ਼ਨਾਂ ਦਾ ਉੱਤਰ ਦਿਓ। ਹਰੇਕ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਲਿਖੋ:- 5 + 5 = 10

(i) ਜ਼ਕਰੀਆ ਖਾਂ ਦੀ ਸੂਬੇਦਾਰੀ ਦੌਰਾਨ ਸ਼ਹੀਦ ਕੀਤੇ ਗਏ ਸਿੱਖਾਂ ਬਾਰੇ ਜਾਣਕਾਰੀ ਦਿਓ। 5

(ii) ਦਲ ਖਾਲਸਾ ਦੀ ਸਥਾਪਨਾ ਦੇ ਕਾਰਣ ਦੱਸੋ? 5

(iii) ਅਕਾਲੀ ਫੂਲਾ ਸਿੰਘ 'ਤੇ ਨੋਟ ਲਿਖੋ। 5

**ਉਦਾਹਰਣ ਵਜੋਂ ਹੱਲ ਪ੍ਰਸ਼ਨ ਪੰਜ ਅੰਕ ਵਾਲੇ**

**ਪ੍ਰਸ਼ਨ :ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜੀਵਨ ਸਬੰਧੀ ਸੰਖੇਪ ਜਾਣਕਾਰੀ ਦਿਓ।**

ਉੱਤਰ :ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜੀਵਨ ਸਬੰਧੀ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ :

1 . **ਜਨਮ ਅਤੇ ਮਾਤਾ ਪਿਤਾ** :ਸ੍ਰੀ ਗੁਰੂ ਅੰਗਦ ਦੇਵ ਜੀ ਦਾ ਜਨਮ 1504 ਈ :ਵਿੱਚ ਮੱਤੇ ਦੀ ਸਰਾਏ, ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਹੋਇਆ। ਉਹਨਾਂ ਦੇ ਪਿਤਾ ਜੀ ਦਾ ਨਾਂ ਫੇਰੂਮੱਲ ਅਤੇ ਮਾਤਾ ਜੀ ਦਾ ਨਾਂ ਸਭਰਾਈਂ ਦੇਵੀ ਸੀ।

2. **ਬਚਪਨ ਅਤੇ ਵਿਆਹ** :ਸ੍ਰੀ ਗੁਰੂ ਅੰਗਦ ਦੇਵ ਜੀ ਦਾ ਮੁੱਢਲਾ ਨਾਂ ਭਾਈ ਲਹਿਣਾ ਸੀ। ਉਹਨਾਂ ਦਾ ਬਚਪਨ ਹਰੀਕੇ ਅਤੇ ਖਡੂਰ ਸਾਹਿਬ ਵਿਖੇ ਬਤੀਤ ਹੋਇਆ। ਉਹ ਬਚਪਨ ਤੋਂ ਹੀ ਧਾਰਮਿਕ ਵਿਚਾਰਾਂ ਦੇ ਸਨ। 15 ਸਾਲ ਦੀ ਉਮਰ ਵਿੱਚ ਉਹਨਾਂ ਦਾ ਵਿਆਹ

ਬੀਬੀ ਖੀਵੀ ਜੀ ਨਾਲ ਹੋਇਆ। ਉਹਨਾਂ ਦੇ ਘਰ ਦੋ ਪੁੱਤਰ ਦਾਤੂ ਅਤੇ ਦਾਸੂ ਅਤੇ ਦੋ ਪੁੱਤਰੀਆਂ ਬੀਬੀ ਅਮਰੋ ਅਤੇ ਬੀਬੀ ਅਨੋਖੀ ਨੇ ਜਨਮ ਲਿਆ।

3. **ਸ਼੍ਰੀ ਗੁਰੂ ਨਾਨਕ ਦੇਵ ਜੀ ਨਾ ਮੁਲਾਕਾਤ** :ਇੱਕ ਦਿਨ ਭਾਈ ਲਹਿਣਾ ਜੀ ਨੇ ਭਾਈ ਜੋਧਾ ਜੀ ਦੇ ਮੂੰਹੋ ਜਪੁਜੀ ਸਾਹਿਬ ਦਾ ਪਾਠ ਸੁਣਿਆ। ਇਸ ਪਾਠ ਤੋਂ ਭਾਈ ਲਹਿਣਾ ਜੀ ਏਨੇ ਪ੍ਰਭਾਵਿਤ ਹੋਏ ਕਿ ਉਹਨਾਂ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਮਿਲਣ ਦਾ ਫੈਸਲਾ ਕੀਤਾ। ਉਹ ਕਰਤਾਰਪੁਰ ਸਾਹਿਬ ਵਿਖੇ ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਮਿਲੇ। ਉਹ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਖਸੀਅਤ ਤੋਂ ਏਨੇ ਪ੍ਰਭਾਵਿਤ ਹੋਏ ਕਿ ਉਹ ਗੁਰੂ ਸਾਹਿਬ ਦੇ ਪੈਰੋਕਾਰ ਬਣ ਗਏ ਅਤੇ ਉਹਨਾਂ ਕੋਲ ਹੀ ਰਹਿ ਗਏ।

4. **ਗੁਰਗੱਦੀ ਦੀ ਪ੍ਰਾਪਤੀ** :ਭਾਈ ਲਹਿਣਾ ਜੀ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਪੂਰੇ ਤਨੋਂ ਮਨੋਂ ਸੇਵਾ ਕੀਤੀ। ਗੁਰੂ ਜੀ ਉਹਨਾਂ ਦੀ ਸੇਵਾ ਤੋਂ ਏਨੇ ਪ੍ਰਭਾਵਿਤ ਹੋਏ ਕਿ ਉਹਨਾਂ ਨੇ ਭਾਈ ਲਹਿਣਾ ਜੀ ਨੂੰ ਆਪਣਾ ਉੱਤਰਾਧਿਕਾਰੀ ਨਿਯੁਕਤ ਕੀਤਾ। ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਸ਼੍ਰੀ ਗੁਰੂ ਅੰਗਦ ਦੇਵ ਜੀ ਦਾ ਨਾਂ ਦਿੱਤਾ ਅਤੇ ਗੁਰਗੱਦੀ ਸੌਂਪ ਦਿੱਤੀ।

**ਪ੍ਰਸ਼ਨ :2 ਸਿੱਖ ਧਰਮ ਦੇ ਵਿਕਾਸ ਵਿੱਚ ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਯੋਗਦਾਨ ਦੀ ਚਰਚਾ ਕਰੋ।**

ਉੱਤਰ :ਸ਼੍ਰੀ ਗੁਰੂ ਅੰਗਦ ਦੇਵ ਜੀ ਦਾ ਸਿੱਖ ਧਰਮ ਦੇ ਵਿਕਾਸ ਵਿੱਚ ਯੋਗਦਾਨ ਹੇਠ ਲਿਖੇ ਅਨੁਸਾਰ ਹੈ :

1. **ਗੁਰਮੁੱਖੀ ਨੂੰ ਹਰਮਨ ਪਿਆਰਾ ਬਣਾਉਣਾ:** ਸ਼੍ਰੀ ਗੁਰੂ ਅੰਗਦ ਦੇਵ ਜੀ ਨੇ ਪੰਜਾਬੀ ਲਿਪੀ ਨੂੰ ਅਪਣਾਇਆ ਇਸ ਦੀ ਸੁਧਾਈ ਕੀਤੀ ਅਤੇ ਇਸ ਨੂੰ ਗੁਰਮੁਖੀ ਦਾ ਨਾਮ ਦਿੱਤਾ। ਗੁਰੂ ਸਾਹਿਬ ਨੇ ਗੁਰਮੁੱਖੀ ਲਿਪੀ ਨੂੰ ਨਵਾਂ ਨਿਖਾਰ ਪ੍ਰਦਾਨ ਕੀਤਾ। ਇਸ ਨਾਲ ਲੋਕਾਂ ਲਈ ਇਸ ਲਿਪੀ ਨੂੰ ਸਮਝਣਾ ਸੌਖਾ ਹੋ ਗਿਆ।

.2**ਬਾਣੀ ਦਾ ਸੰਗ੍ਰਹਿ** :ਸ਼੍ਰੀ ਗੁਰੂ ਅੰਗਦ ਦੇਵ ਜੀ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਵੱਖ-ਵੱਖ ਵਿਅਕਤੀਆਂ ਕੋਲ ਪਈ ਹੋਈ ਬਾਣੀ ਨੂੰ ਇਕੱਠਾ ਕੀਤਾ। ਆਪ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਸਾਥੀ ਭਾਈ ਬਾਲਾ ਜੀ ਕੋਲੋਂ ਸ਼੍ਰੀ ਗੁਰੂ ਨਾਨਕ ਦੇਵ ਦੀ ਜਨਮ ਸਾਖੀ ਵੀ ਲਿਖਵਾਈ।

3. **ਲੰਗਰ ਪ੍ਰਥਾ ਦਾ ਵਿਸਥਾਰ** :ਸ਼੍ਰੀ ਗੁਰੂ ਅੰਗਦ ਦੇਵ ਜੀ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੁਆਰਾ  ਸਥਾਪਿਤ ਕੀਤੀ ਗਈ ਲੰਗਰ ਪ੍ਰਥਾ ਦਾ ਵਿਸਥਾਰ ਕੀਤਾ। ਲੰਗਰ ਦਾ ਸਾਰਾ ਪ੍ਰਬੰਧ ਸ਼੍ਰੀ ਗੁਰੂ ਅੰਗਦ ਦੇਵ ਜੀ ਦੀ ਪਤਨੀ ਮਾਤਾ ਖੀਵੀ ਦੀ ਦੇਖ-ਰੇਖ ਵਿੱਚ ਹੁੰਦਾ ਸੀ।

.4**ਸੰਗਤ ਦਾ ਸੰਗਠਨ:** ਸ਼੍ਰੀ ਗੁਰੂ ਅੰਗਦ ਦੇਵ ਜੀ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਆਰੰਭ ਕੀਤੀ ਗਈ ਸੰਗਤ ਦੀ ਸੰਸਥਾ ਦਾ ਵੀ ਸੰਗਠਨ ਕੀਤਾ। ਇਹ ਸੰਗਤ ਸਵੇਰੇ ਸ਼ਾਮ ਗੁਰੂ ਸਾਹਿਬ ਦੇ ਉਪਦੇਸ਼ਾਂ ਨੂੰ ਸੁਣਨ ਲਈ ਇਕੱਠੀ ਹੁੰਦੀ ਸੀ। ਇਸ ਵਿੱਚ ਹਰ ਵਰਗ, ਉਮਰ ਅਤੇ ਜਾਤੀ ਦੇ ਲੋਕ ਸ਼ਾਮਿਲ ਹੁੰਦੇ ਸਨ।

.5**ਉਦਾਸੀ ਮੱਤ ਦਾ ਖੰਡਨ** :ਗੁਰੂ ਸਾਹਿਬ ਨੇ ਉਦਾਸੀ ਮੱਤ ਦਾ ਖੰਡਨ ਕੀਤਾ। ਉਹਨਾਂ ਨੇ ਸਪਸ਼ਟ ਕੀਤਾ ਕਿ ਉਦਾਸੀ ਮੱਤ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦੇ ਵਿਰੁੱਧ ਸੀ। ਇਸ ਮੱਤ ਵਿੱਚ ਵਿਸ਼ਵਾਸ ਕਰਨ ਵਾਲਾ ਵਿਅਕਤੀ ਸੱਚਾ ਸਿੱਖ ਨਹੀਂ ਹੋ ਸਕਦਾ।

.6**ਸਿੱਖ ਲਈ ਸਰੀਰਕ ਕਸਰਤ** : ਗੁਰੂ ਸਾਹਿਬ ਨੇ ਮਹਿਸੂਸ ਕੀਤਾ ਕਿ ਜਿਸ ਪ੍ਰਕਾਰ ਆਤਮਿਕ ਵਿਕਾਸ ਲਈ ਨਾਮ ਜਾਪ ਜਰੂਰੀ ਹੈ ਉਸੇ ਪ੍ਰਕਾਰ ਸਰੀਰਕ ਤੰਦਰੁਸਤੀ ਲਈ ਕਸਰਤ ਜਰੂਰੀ ਹੈ। ਇਸ ਲਈ ਗੁਰੂ ਸਾਹਿਬ ਨੇ ਖਡੂਰ ਸਾਹਿਬ ਵਿਖੇ ਇੱਕ ਅਖਾੜਾ ਬਣਵਾਇਆ ਜਿਸ ਵਿੱਚ ਸਿੱਖ ਕੁਸ਼ਤੀਆਂ ਅਤੇ ਕਸਰਤ ਕਰਦੇ ਸਨ।

.7**ਗੋਇੰਦਵਾਲ ਸਾਹਿਬ ਦੀ ਸਥਾਪਨਾ** :ਸ੍ਰੀ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਦੇ ਨੇੜੇ ਗੋਇੰਦਵਾਲ ਸਾਹਿਬ ਨਾਂ ਦੇ ਨਗਰ ਦੀ ਸਥਾਪਨਾ ਕੀਤੀ। ਇਹ ਨਗਰ ਛੇਤੀ ਹੀ ਸਿੱਖਾਂ ਦਾ ਇੱਕ ਪ੍ਰਸਿੱਧ ਤੀਰਥ ਸਥਾਨ ਬਣ ਗਿਆ।

.8. **ਹੁਮਾਯੂੰ ਨਾਲ ਮੁਲਾਕਾਤ** :1540 ਈ :ਵਿੱਚ ਸ਼ੇਰ ਸ਼ਾਹ ਸੂਰੀ ਕੋਲੋਂ ਹਾਰਨ ਤੋਂ ਬਾਅਦ ਮੁਗਲ ਬਾਦਸ਼ਾਹ ਹੁਮਾਯੂੰ ਗੁਰੂ ਸਾਹਿਬ ਕੋਲ ਆਇਆ ਅਤੇ ਗੁਰੂ ਜੀ ਦੀ ਸ਼ਖਸੀਅਤ ਤੋਂ ਬਹੁਤ ਪ੍ਰਭਾਵਿਤ ਹੋਇਆ। ਇਸ ਮੁਲਾਕਾਤ ਕਾਰਨ ਸਿੱਖਾਂ ਅਤੇ ਮੁਗਲਾਂ ਵਿਚਕਾਰ ਚੰਗੇ ਸਬੰਧ ਸਥਾਪਿਤ ਹੋਏ।

.9 **ਉੱਤਰਾਧਿਕਾਰੀ ਦੀ ਨਿਯੁਕਤੀ** :ਗੁਰੂ ਸਾਹਿਬ ਨੇ ਆਪਣੇ ਸ਼ਰਧਾਲੂ ਅਮਰਦਾਸ ਜੀ ਨੂੰ ਗੁਰਗੱਦੀ ਲਈ ਉਤਰਾਧਿਕਾਰੀ ਨਿਯੁਕਤ ਕੀਤਾ। ਅਜਿਹਾ ਕਰਕੇ ਉਹਨਾਂ ਨੇ ਨਾ ਸਿਰਫ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗਈ ਗੁਰਗੱਦੀ ਦੀ ਪ੍ਰਥਾ ਨੂੰ ਕਾਇਮ ਰੱਖਿਆ ਸਗੋਂ ਸਿੱਖ ਪੰਥ ਦੇ ਵਿਕਾਸ ਦਾ ਮਾਰਗ ਵੀ ਖੁੱਲ੍ਹਾ ਰੱਖਿਆ।

**ਪ੍ਰਸ਼ਨ :ਗੁਰਗੱਦੀ ਸੰਭਾਲਣ ਸਮੇਂ ਸ੍ਰੀ ਗੁਰੂ ਅਮਰਦਾਸ ਜੀ ਨੂੰ ਕਿਹੜੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ?**

ਉੱਤਰ :ਗੁਰਗੱਦੀ ਸੰਭਾਲਣ ਸਮੇਂ ਸ੍ਰੀ ਗੁਰੂ ਅਮਰਦਾਸ ਜੀ ਨੂੰ ਹੇਠ ਲਿਖੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ:-

1. **ਦਾਸੂ ਤੇ ਦਾਤੂ ਦਾ ਵਿਰੋਧ** :ਦਾਸੂ ਜੀ ਤੇ ਦਾਤੂ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪੁੱਤਰ ਸਨ। ਉਹਨਾਂ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰੂ ਮੰਨਣ ਤੋਂ ਇਨਕਾਰ ਕਰ ਦਿੱਤਾ। ਸੰਗਤਾਂ ਨੇ ਦਾਸੂ ਜੀ ਅਤੇ ਦਾਤੂ ਜੀ ਨੂੰ ਗੁਰੂ ਨਾ ਮੰਨਿਆ ਅਤੇ ਸ੍ਰੀ ਗੁਰੂ ਅਮਰਦਾਸ ਜੀ ਦਾ ਸਾਥ ਦਿੱਤਾ।

2. **ਬਾਬਾ ਸ੍ਰੀ ਚੰਦ ਜੀ ਦੁਆਰਾ ਵਿਰੋਧ** :ਬਾਬਾ ਸ੍ਰੀ ਚੰਦ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੁੱਤਰ ਸਨ। ਉਹ ਆਪਣੇ ਆਪ ਨੂੰ ਗੁਰਗੱਦੀ ਦਾ ਅਸਲ ਵਾਰਸ ਮੰਨਦੇ ਸਨ। ਸ੍ਰੀ ਗੁਰੂ ਅਮਰਦਾਸ ਜੀ ਨੇ ਸੰਗਤਾਂ ਨੂੰ ਸਮਝਾਇਆ ਕਿ ਬਾਬਾ ਸ੍ਰੀ ਚੰਦ ਜੀ ਦੇ ਸਿਧਾਂਤ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਦੇ ਉਲਟ ਹਨ।

.3 **ਗੋਇੰਦਵਾਲ ਦੇ ਮੁਸਲਮਾਨਾਂ ਦਾ ਵਿਰੋਧ** :ਗੋਇੰਦਵਾਲ ਦੇ ਕੁਝ ਮੁਸਲਮਾਨ ਸ੍ਰੀ ਗੁਰੂ ਅਮਰਦਾਸ ਜੀ ਦੀ ਵਧਦੀ ਹੋਈ ਪ੍ਰਸਿੱਧੀ ਸਹਿਣ ਨਾ ਕਰ ਸਕੇ। ਉਹਨਾਂ ਨੇ ਸਿੱਖਾਂ ਨੂੰ ਤੰਗ ਕਰਨਾ ਅਤੇ ਸੰਗਤਾਂ ਦਾ ਸਮਾਨ ਚੋਰੀ ਕਰਨਾ ਸੁਰੂ ਕਰ ਦਿੱਤਾ। ਗੁਰੂ ਸਾਹਿਬ ਜੀ ਨੇ ਸੰਗਤਾਂ ਨੂੰ ਸ਼ਾਂਤ ਰਹਿਣ ਦਾ ਉਪਦੇਸ਼ ਦਿੱਤਾ। ਇੱਕ ਦਿਨ ਪਿੰਡ ਵਿੱਚ ਕੁਝ ਹਥਿਆਰਬੰਦ ਵਿਅਕਤੀ ਆ ਗਏ। ਉਹਨਾਂ ਨੇ ਬਹੁਤ ਸਾਰੇ ਮੁਸਲਮਾਨਾਂ ਨੂੰ ਯਮਲੋਕ ਪਹੁੰਚਾ ਦਿੱਤਾ। ਮੁਸਲਮਾਨਾਂ ਨੂੰ ਆਪਣੇ ਕੀਤੇ ਦੀ ਸਜ਼ਾ ਮਿਲ ਗਈ ਅਤੇ ਉਹਨਾਂ ਨੇ ਸਿੱਖਾਂ ਨੂੰ ਤੰਗ ਕਰਨਾ ਛੱਡ ਦਿੱਤਾ।

4. **ਹਿੰਦੂਆਂ ਦਾ ਵਿਰੋਧ** :ਸ੍ਰੀ ਗੁਰੂ ਅਮਰਦਾਸ ਜੀ ਨੇ ਮੂਰਤੀ ਪੂਜਾ ਅਤੇ ਜਾਤੀ ਪ੍ਰਥਾ ਵਰਗੀਆਂ ਕੁਰੀਤੀਆਂ ਦਾ ਵਿਰੋਧ ਕੀਤਾ। ਬਾਉਲੀ ਸਾਹਿਬ ਦੀ ਸਥਾਪਨਾ ਕਰਕੇ ਉਹਨਾਂ ਨੇ ਸਿੱਖਾਂ ਨੂੰ ਇੱਕ ਵੱਖਰਾ ਤੀਰਥ ਸਥਾਨ ਵੀ ਦੇ ਦਿੱਤਾ। ਇਹਨਾਂ ਗੱਲਾਂ ਕਰਕੇ ਕੁਝ ਕੱਟੜ ਹਿੰਦੂ ਗੁਰੂ ਸਾਹਿਬ ਜੀ ਦੇ ਦੁਸ਼ਮਣ ਬਣ ਗਏ। ਉਹਨਾਂ ਨੇ ਮੁਗਲ ਬਾਦਸ਼ਾਹ ਅਕਬਰ ਕੋਲ ਸ਼ਿਕਾਇਤ ਕੀਤੀ ਕਿ ਗੁਰੂ ਸਾਹਿਬ ਜੀ ਹਿੰਦੂ ਧਰਮ ਦੇ ਵਿਰੁੱਧ ਪ੍ਰਚਾਰ ਕਰ ਰਹੇ ਹਨ। ਅਕਬਰ ਨੇ ਗੁਰੂ ਸਾਹਿਬ ਜੀ ਨੂੰ ਆਪਣੇ ਦਰਬਾਰ ਵਿੱਚ ਬੁਲਾਇਆ।

ਗੁਰੂ ਸਾਹਿਬ ਜੀ ਨੇ ਆਪਣੇ ਸ਼ਰਧਾਲੂ ਭਾਈ ਜੇਠਾ ਜੀ ਨੂੰ ਅਕਬਰ ਦੇ ਦਰਬਾਰ ਵਿੱਚ ਭੇਜਿਆ। ਭਾਈ ਜੇਠਾ ਜੀ ਨੂੰ ਮਿਲਣ ਤੋਂ ਬਾਅਦ ਅਕਬਰ ਨੇ ਗੁਰੂ ਸਾਹਿਬ ਜੀ ਨੂੰ ਨਿਰਦੋਸ਼ ਕਰਾਰ ਦਿੱਤਾ ਅਤੇ ਗੁਰੂ ਸਾਹਿਬ ਜੀ ਦੀ ਪ੍ਰਸਿੱਧੀ ਹੋਰ ਵੀ ਵਧ ਗਈ।

**ਪ੍ਰਸ਼ਨ :ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦੇ ਵਿਕਾਸ ਵਿੱਚ ਯੋਗਦਾਨ ਦੀ ਚਰਚਾ ਕਰੋ।**

ਉੱਤਰ :ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਸਿੱਖ ਧਰਮ ਦੇ ਵਿਕਾਸ ਵਿੱਚ ਦਿੱਤੇ ਯੋਗਦਾਨ ਦੀ ਚਰਚਾ ਹੇਠ ਲਿਖੇ ਅਨੁਸਾਰ ਹੈ:-

1. **ਗੋਇੰਦਵਾਲ ਸਾਹਿਬ ਵਿਖੇ ਬਾਉਲੀ ਦਾ ਨਿਰਮਾਣ** :ਸ੍ਰੀ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਿਖੇ ਇੱਕ ਬਾਉਲੀ ਦਾ ਨਿਰਮਾਣ ਕਰਵਾਇਆ। ਇਸ ਬਾਉਲੀ ਤੱਕ ਪਹੁੰਚਣ ਲਈ 84 ਪਉੜੀਆਂ ਸਨ। ਗੁਰੂ ਸਾਹਿਬ ਜੀ ਨੇ ਐਲਾਨ ਕੀਤਾ ਕਿ ਜੋ ਵੀ ਵਿਅਕਤੀ ਹਰ ਪੌੜੀ ਤੇ ਸ਼ਰਧਾ ਨਾਲ ਜਪੁਜੀ ਸਾਹਿਬ ਦਾ ਪਾਠ ਕਰੇਗਾ ਅਤੇ ਪਾਠ ਦੇ ਬਾਅਦ ਬਾਉਲੀ ਵਿੱਚ ਇਸ਼ਨਾਨ ਕਰੇਗਾ, ਉਹ 84 ਲੱਖ ਜੂਨਾਂ ਤੋਂ ਮੁਕਤ ਹੋ ਜਾਵੇਗਾ। ਛੇਤੀ ਹੀ ਇਹ ਬਾਉਲੀ ਸਿੱਖਾਂ ਦਾ ਇੱਕ ਪ੍ਰਸਿੱਧ ਤੀਰਥ ਸਥਾਨ ਬਣ ਗਈ।
2. **ਲੰਗਰ ਸੰਸਥਾ ਦਾ ਵਿਸਥਾਰ** :ਸ੍ਰੀ ਗੁਰੂ ਅਮਰਦਾਸ ਜੀ ਨੇ ਲੰਗਰ ਸੰਸਥਾ ਦਾ ਵਿਸਥਾਰ ਕੀਤਾ। ਉਹਨਾਂ ਨੇ ਐਲਾਨ ਕੀਤਾ ਕਿ ਕੋਈ ਵੀ ਯਾਤਰੀ ਲੰਗਰ ਛਕੇ ਬਿਨਾਂ ਉਹਨਾਂ ਦੇ ਦਰਸ਼ਨ ਨਹੀਂ ਕਰ ਸਕਦਾ। ਲੰਗਰ ਵਿੱਚ ਹਰੇਕ ਜਾਤ, ਧਰਮ ਅਤੇ ਤਬਕੇ ਦੇ ਲੋਕ ਮਿਲਕੇ ਖਾਣਾ ਖਾਂਦੇ ਸਨ। ਇਸ ਨਾਲ ਸਿੱਖ ਧਰਮ ਦਾ ਬਹੁਤ ਪ੍ਰਚਾਰ ਹੋਇਆ ਅਤੇ ਲੋਕਾਂ ਵਿੱਚ ਭਾਈਚਾਰੇ ਦੀ ਭਾਵਨਾ ਵਧੀ।

.3. **ਮੰਜੀ ਪ੍ਰਥਾ ਦੀ ਸਥਾਪਨਾ** :ਸਿੱਖ ਮੱਤ ਦੇ ਦੂਰ ਦੂਰ ਪ੍ਰਸਾਰ ਹੋਣ ਕਾਰਨ ਅਤੇ ਵਡੇਰੀ ਉਮਰ ਦੇ ਹੋਣ ਕਾਰਨ ਸ੍ਰੀ ਗੁਰੂ ਅਮਰਦਾਸ ਜੀ ਲਈ ਵੱਖ-ਵੱਖ ਥਾਵਾਂ ਤੇ ਜਾ ਕੇ ਪ੍ਰਚਾਰ ਕਰਨਾ ਔਖਾ ਸੀ। ਇਸ ਲਈ ਗੁਰੂ ਸਾਹਿਬ ਜੀ ਨੇ ਆਪਣੇ ਅਧਿਆਤਮਕ ਸਾਮਰਾਜ ਨੂੰ 22 ਭਾਗਾਂ ਵਿੱਚ ਵੰਡਿਆ। ਹਰ ਇੱਕ ਭਾਗ ਨੂੰ ਮੰਜੀ ਕਿਹਾ ਜਾਂਦਾ ਸੀ। ਹਰੇਕ ਮੰਜੀ ਦੇ ਮੁੱਖੀ ਨੂੰ ਮੰਜੀਦਾਰ ਕਿਹਾ ਜਾਂਦਾ ਸੀ।

੪. **ਉਦਾਸੀ ਮੱਤ ਦਾ ਖੰਡਨ** :ਬਾਬਾ ਸ੍ਰੀ ਚੰਦ ਜੀ ਦੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਸਿੱਖ ਉਦਾਸੀ ਮੱਤ ਵਿੱਚ ਸ਼ਾਮਿਲ ਹੋਣ ਲੱਗ ਪਏ ਸਨ। ਗੁਰੂ ਸਾਹਿਬ ਜੀ ਨੇ ਉਦਾਸੀ ਮੱਤ ਦਾ ਖੰਡਨ ਕੀਤਾ ਅਤੇ ਸੰਗਤਾਂ ਨੂੰ ਦੱਸਿਆ ਕਿ ਉਦਾਸੀ ਮੱਤ ਦੇ ਸਿਧਾਂਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਦੇ ਉਲਟ ਹਨ।

**5. ਸਮਾਜਿਕ ਸੁਧਾਰ:** ਗੁਰੂ ਸਾਹਿਬ ਜੀ ਨੇ ਜਾਤੀ ਪ੍ਰਥਾ ਦਾ ਖੰਡਨ ਕੀਤਾ। ਉਹਨਾਂ ਨੇ ਸਤੀ ਪ੍ਰਥਾ, ਬਾਲ ਵਿਆਹ ਅਤੇ ਪਰਦਾ ਪ੍ਰਥਾ ਦਾ ਵੀ ਜੋਰਦਾਰ ਵਿਰੋਧ ਕੀਤਾ। ਉਹਨਾਂ ਨੇ ਵਿਧਵਾ ਵਿਆਹ ਅਤੇ ਅੰਤਰਜਾਤੀ ਵਿਆਹ ਦਾ ਸਮਰਥਨ ਕੀਤਾ। ਉਹਨਾਂ ਨੇ ਸੰਗਤਾਂ ਨੂੰ ਨਸ਼ੀਲੀਆਂ ਵਸਤੂਆਂ ਦੀ ਵਰਤੋਂ ਕਰਨ ਤੋਂ ਰੋਕਿਆ।

**ਪ੍ਰਸ਼ਨ: ਗੁਰੂ ਰਾਮਦਾਸ ਜੀ ਨੇ ਸਿੱਖ ਧਰਮ ਦੇ ਵਿਕਾਸ ਵਿੱਚ ਕੀ ਯੋਗਦਾਨ ਦਿੱਤਾ?**

ਉੱਤਰ :- ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖ ਧਰਮ ਦੇ ਵਿਕਾਸ ਵਿੱਚ ਮਹੱਤਵਪੂਰਣ ਯੋਗਦਾਨ ਪਾਇਆ , ਜੋ ਹੇਠ ਲਿਖੇ ਅਨੁਸਾਰ ਹੈ :-

1. **ਰਾਮਦਾਸਪੁਰਾ ਦੀ ਸਥਾਪਨਾ** :- ਸ੍ਰੀ ਗੁਰੂ ਰਾਮਦਾਸ ਜੀ ਨੇ 1577 ਈ: ਵਿੱਚ ਰਾਮਦਾਸਪੁਰਾ ਨਾਮਕ ਨਗਰ ਦੀ ਸਥਾਪਨਾ ਕੀਤੀ। ਗੁਰੂ ਸਾਹਿਬ ਜੀ ਨੇ ਇੱਥੇ 52 ਵੱਖ ਵੱਖ ਕਿੱਤਿਆਂ ਨਾਲ ਸਬੰਧਤ ਵਪਾਰੀਆਂ ਤੇ ਕਾਰੀਗਰਾਂ ਨੂੰ ਵਸਾਇਆ। ਇਹਨਾਂ ਵਪਾਰੀਆਂ ਤੇ ਕਾਰੀਗਰਾਂ ਦੁਆਰਾ ਬਣਿਆ ਬਜਾਰ ਗੁਰੂ ਕਾ ਬਜਾਰ ਨਾਂ ਨਾਲ ਪ੍ਰਸਿੱਧ ਹੋਇਆ। ਰਾਮਦਾਸਪੁਰਾ ਵਿਖੇ ਦੋ ਸਰੋਵਰਾਂ ਅੰਮ੍ਰਿਤਸਰ ਅਤੇ ਸੰਤੋਖਸਰ ਦਾ ਨਿਰਮਾਣ ਕਰਵਾਇਆ ਗਿਆ। ਬਾਅਦ ਵਿੱਚ ਇਹ ਨਗਰ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੋਇਆ ਅਤੇ ਸਿੱਖਾਂ ਦਾ ਪ੍ਰਸਿੱਧ ਤੀਰਥ ਸਥਾਨ ਬਣ ਗਿਆ।

2. **ਮਸੰਦ ਪ੍ਰਥਾ ਦੀ ਸਥਾਪਨਾ** :- ਰਾਮਦਾਸਪੁਰਾ ਵਿਖੇ ਸਰੋਵਰਾਂ ਅਤੇ ਹੋਰ ਧਾਰਮਿਕ ਕੰਮਾਂ ਲਈ ਮਾਇਆ ਦੀ ਲੋੜ ਪਈ। ਇਸ ਲਈ ਗੁਰੂ ਸਾਹਿਬ ਜੀ ਨੇ ਮਸੰਦ ਪ੍ਰਥਾ ਸਥਾਪਿਤ ਕੀਤੀ। ਮਸੰਦ ਪ੍ਰਥਾ ਕਾਰਨ ਨਾ ਸਿਰਫ ਮਾਇਆ ਦੀ ਸਮੱਸਿਆ ਦੂਰ ਹੋਈ ਸਗੋਂ ਸਿੱਖ ਧਰਮ ਦਾ ਪ੍ਰਸਾਰ ਵੀ ਦੂਰ-ਦੂਰ ਤੱਕ ਫੈਲ ਗਿਆ।

3. **ਉਦਾਸੀਆਂ ਨਾਲ ਸਮਝੌਤਾ** :- ਇੱਕ ਵਾਰ ਉਦਾਸੀ ਮਤ ਦੇ ਮੋਢੀ ਬਾਬਾ ਸ੍ਰੀ ਚੰਦ ਜੀ ਗੁਰੂ ਰਾਮਦਾਸ ਜੀ ਨੂੰ ਮਿਲਣ ਸ੍ਰੀ ਅੰਮ੍ਰਿਤਸਰ ਸਾਹਿਬ ਆਏ। ਉਹ ਗੁਰੂ ਸਾਹਿਬ ਦੀ ਨਿਮਰਤਾ ਤੋਂ ਏਨੇ ਪ੍ਰਭਾਵਿਤ ਹੋਏ ਕਿ ਉਹਨਾਂ ਨੇ ਸਿੱਖ ਧਰਮ ਦਾ ਵਿਰੋਧ ਕਰਨਾ ਬੰਦ ਕਰ ਦਿੱਤਾ। ਇਹ ਘਟਨਾ ਸਿੱਖ ਧਰਮ ਦੇ ਵਿਕਾਸ ਵਿੱਚ ਲਾਹੇਵੰਦ ਸਿੱਧ ਹੋਈ।

4. **ਕੁਰੀਤੀਆਂ ਦਾ ਵਿਰੋਧ** :- ਸ੍ਰੀ ਗੁਰੂ ਰਾਮਦਾਸ ਜੀ ਨੇ ਸਮਾਜ ਵਿੱਚ ਪ੍ਰਚਲਿਤ ਕੁਰੀਤੀਆਂ ਜਿਵੇਂ ਜਾਤੀ ਪ੍ਰਥਾ,ਬਾਲ ਵਿਆਹ, ਸਤੀ ਪ੍ਰਥਾ ਆਦਿ ਦੀ ਨਿਖੇਧੀ ਕੀਤੀ। ਉਹਨਾਂ ਨੇ ਵਿਧਵਾ ਵਿਆਹ ਦੇ ਹੱਕ ਵਿੱਚ ਅਵਾਜ ਬੁਲੰਦ ਕੀਤੀ।

5. **ਨਵੀਆਂ ਪ੍ਰੰਪਰਾਵਾਂ ਦਾ ਆਰੰਭ** :- ਗੁਰੂ ਸਾਹਿਬ ਜੀ ਨੇ ਸੰਗਤ, ਪੰਗਤ ਅਤੇ ਮੰਜੀ ਦੀ ਪ੍ਰਥਾ ਨੂੰ ਜਾਰੀ ਰੱਖਿਆ। ਇਸ ਤੋਂ ਇਲਾਵਾ ਉਹਨਾਂ ਨੇ ਸਿੱਖਾਂ ਵਿੱਚ ਲਾਵਾਂ ਰਾਹੀਂ ਵਿਆਹ ਕਰਨ ਦੀ ਪ੍ਰੰਪਰਾ ਆਰੰਭ ਕੀਤੀ।

6. **ਗੁਰਬਾਣੀ ਦੀ ਰਚਨਾ** :- ਗੁਰੂ ਸਾਹਿਬ ਜੀ ਨੇ 679 ਸ਼ਬਦਾਂ ਦੀ ਰਚਨਾ ਕੀਤੀ। ਇਸ ਦੇ ਨਾਲ ਹੀ ਉਹਨਾਂ ਨੇ ਚਾਰ ਲਾਵਾਂ ਦਾ ਉਚਾਰਣ ਵੀ ਕੀਤਾ।ਲਾਵਾਂ ਦਾ ਉਚਾਰਣ ਸਿੱਖ ਮੱਤ ਵਿੱਚ ਕ੍ਰਾਂਤੀਕਾਰੀ ਕਦਮ ਸੀ।

7. **ਅਕਬਰ ਨਾਲ ਮਿੱਤਰਤਾ ਪੂਰਨ ਸਬੰਧ** :- ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਸਿੱਖਾਂ ਅਤੇ ਮੁਗਲਾਂ ਵਿਚਕਾਰ ਸਬੰਧ ਮਿੱਤਰਤਾਪੂਰਨ ਸਨ। ਗੁਰੂ ਸਾਹਿਬ ਦੇ ਕਹਿਣ ਤੇ ਅਕਬਰ ਨੇ ਪੰਜਾਬ ਦੇ ਕਿਸਾਨਾਂ ਦਾ ਇੱਕ ਸਾਲ ਦਾ ਲਗਾਨ ਮਾਫ ਕਰ ਦਿੱਤਾ।

**ਸਿੱਟਾ**:- ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰੂਕਾਲ ਦੌਰਾਨ ਸਿੱਖ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਦੂਰ ਦੂਰ ਤੱਕ ਹੋਇਆ।

**ਪ੍ਰਸ਼ਨ : ਗੁਰਗੱਦੀ ਤੇ ਬੈਠਣ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਿਹੜੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ?**

ਉੱਤਰ: ਗੁਰਗੱਦੀ ਪ੍ਰਾਪਤ ਕਰਨ ਤੋਂ ਬਾਅਦ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਈ ਔਕੜਾਂ ਦਾ ਸਾਹਮਣਾ ਕਰਨਾ ਪਿਆ ਜੋ ਹੇਠ ਲਿਖੇ ਅਨੁਸਾਰ ਹਨ:-

1. **ਪ੍ਰਿਥੀ ਚੰਦ ਦਾ ਵਿਰੋਧ**:- ਪ੍ਰਿਥੀ ਚੰਦ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਭ ਤੋਂ ਵੱਡਾ ਭਰਾ ਸੀ। ਉਹ ਵੱਡਾ ਹੋਣ ਦੇ ਨਾਤੇ ਗੁਰਗੱਦੀ ਉੱਤੇ ਆਪਣਾ ਹੱਕ ਸਮਝਦਾ ਸੀ। ਪਰ ਸ੍ਰੀ ਗੁਰੂ ਰਾਮਦਾਸ ਜੀ ਨੇ ਉਸਦੇ ਸੁਆਰਥੀ ਸੁਭਾਅ ਨੂੰ ਵੇਖਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਪਣਾ ਉੱਤਰਾਧਿਕਾਰੀ ਨਿਯੁਕਤ ਕੀਤਾ ਸੀ। ਇਸ ਤੇ ਉਸਨੇ ਆਪਣੇ ਪਿਤਾ ਜੀ ਦੀ ਸ਼ਾਨ ਦੇ ਖਿਲਾਫ ਦੁਰਵਚਨ ਬੋਲੇ। ਜਦੋਂ 1595 ਈਸਵੀ ਵਿੱਚ ਗੁਰੂ ਸਾਹਿਬ ਜੀ ਦੇ ਘਰ ਹਰਗੋਬਿੰਦ ਜੀ ਦਾ ਜਨਮ ਹੋਇਆ ਤਾਂ ਉਸ ਨੇ ਇਸ ਬਾਲਕ ਨੂੰ ਮਾਰਨ ਦੇ ਕਈ

ਯਤਨ ਕੀਤੇ। ਉਸ ਨੇ ਲਾਹੌਰ ਦੇ ਮੁਗਲ ਕਰਮਚਾਰੀ ਸੁਲਹੀ ਖਾਨ ਨਾਲ ਮਿਲ ਕੇ ਅਕਬਰ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ ਭੜਕਾਉਣ ਦਾ ਹਰ ਸੰਭਵ ਯਤਨ ਕੀਤਾ। ਇਸ ਤਰ੍ਹਾਂ ਪ੍ਰਿਥੀ ਚੰਦ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪਰੇਸ਼ਾਨ ਕਰਨ ਵਿੱਚ ਕੋਈ ਕਸਰ ਨਾ ਛੱਡੀ।

2. **ਕੱਟੜ ਮੁਸਲਮਾਨਾਂ ਦਾ ਵਿਰੋਧ** :- ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕੱਟੜ ਮੁਸਲਮਾਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇਹ ਮੁਸਲਮਾਨ ਸਿੱਖਾਂ ਦੇ ਵਧ ਰਹੇ ਪ੍ਰਭਾਵ ਦੇ ਕਾਰਨ ਉਹਨਾਂ ਦੇ ਦੁਸ਼ਮਣ ਬਣ ਗਏ। ਕੱਟੜ ਪੰਥੀ ਮੁਸਲਮਾਨਾਂ ਨੇ ਆਪਣੇ ਧਰਮ ਦੀ ਰੱਖਿਆ ਲਈ ਸਰਹਿੰਦ ਵਿਖੇ ਨਕਸ਼ਬੰਦੀ ਲਹਿਰ ਦੀ ਸਥਾਪਨਾ ਕੀਤੀ। ਇਸ ਲਹਿਰ ਦਾ ਨੇਤਾ ਸ਼ੇਖ ਅਹਿਮਦ ਸਰਹਿੰਦੀ ਸੀ। 1605 ਈ: ਵਿੱਚ ਜਹਾਂਗੀਰ ਮੁਗਲਾਂ ਦਾ ਨਵਾਂ ਬਾਦਸ਼ਾਹ ਬਣਿਆ। ਉਹ ਬੜੇ ਕੱਟੜ ਵਿਚਾਰਾਂ ਦਾ ਸੀ। ਨਕਸਬੰਦੀਆਂ ਨੇ ਜਹਾਂਗੀਰ ਨੂੰ ਸਿੱਖਾਂ ਦੇ ਵਿਰੁੱਧ ਭੁੜਕਾਇਆ ਤੇ ਸਿੱਟੇ ਵਜੋਂ ਜਹਾਂਗੀਰ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਖਤਮ ਕਰਨ ਦਾ ਮਨ ਬਣਾ ਲਿਆ।

3. **ਬ੍ਰਾਹਮਣਾਂ ਦਾ ਵਿਰੋਧ** :- ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪੰਜਾਬ ਦੇ ਹਿੰਦੂਆਂ ਦੇ ਮੁੱਖ ਵਰਗ ਭਾਵ ਬ੍ਰਾਹਮਣਾਂ ਦੇ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ। ਇਸ ਦਾ ਕਾਰਨ ਇਹ ਸੀ ਕਿ ਸਿੱਖ ਧਰਮ ਦੇ ਪ੍ਰਚਾਰ ਕਾਰਨ ਬ੍ਰਾਹਮਣਾਂ ਦਾ ਸਮਾਜ ਵਿੱਚ ਪ੍ਰਭਾਵ ਬਹੁਤ ਘੱਟਦਾ ਜਾ ਰਿਹਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਦੋਂ ਆਦਿ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕੀਤਾ ਤਾਂ ਬ੍ਰਾਹਮਣਾਂ ਨੇ ਮੁਗਲ ਬਾਦਸ਼ਾਹ ਅਕਬਰ ਪਾਸ ਇਹ ਸ਼ਿਕਾਇਤ ਕੀਤੀ ਕਿ ਇਸ ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਵਿਰੁੱਧ ਬਹੁਤ ਕੁਝ ਲਿਖਿਆ ਗਿਆ ਹੈ ਪੜਤਾਲ ਕਰਨ ਤੇ ਅਕਬਰ ਦਾ ਕਹਿਣਾ ਸੀ ਕਿ ਇਹ ਗ੍ਰੰਥ ਤਾਂ ਪੂਜਣ ਯੋਗ ਹੈ

।4. **ਚੰਦੂ ਸ਼ਾਹ ਦਾ ਵਿਰੋਧ** :- ਚੰਦੂ ਸ਼ਾਹ ਜੋ ਕਿ ਲਾਹੌਰ ਦਾ ਦੀਵਾਨ ਸੀ ਤੇ ਆਪਣੀ ਲੜਕੀ ਲਈ ਕਿਸੇ ਯੋਗ ਵਰ ਦੀ ਤਲਾਸ਼ ਵਿੱਚ ਸੀ। ਚੰਦੂ ਸ਼ਾਹ ਦੇ ਆਦਮੀਆਂ ਨੇ ਚੰਦੂ ਸ਼ਾਹ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਸ੍ਰੀ ਹਰਗੋਬਿੰਦ ਸਾਹਿਬ ਜੀ ਨਾਲ ਰਿਸ਼ਤਾ ਕਰਨ ਦਾ ਸੁਝਾਅ ਦਿੱਤਾ। ਇਸ ਤੇ ਉਸ ਨੇ ਗੁਰੂ ਜੀ ਬਾਰੇ ਅਪਸ਼ਬਦ ਕਹੇ। ਬਾਅਦ ਵਿੱਚ ਉਹ ਆਪਣੀ ਪਤਨੀ ਦੇ ਮਜਬੂਰ ਕਰਨ ਤੇ ਇਹ ਰਿਸ਼ਤਾ ਕਰਨ ਲਈ ਤਿਆਰ ਹੋ ਗਿਆ। ਪਰ ਜਦੋਂ ਗੁਰੂ ਸਾਹਿਬ ਜੀ ਨੇ ਇਹ ਰਿਸ਼ਤਾ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਚੰਦੂ ਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਾਨੀ ਦੁਸ਼ਮਣ ਬਣ ਗਿਆ।

**ਪ੍ਰਸ਼ਨ:. ਸਿੱਖ ਮੱਤ ਦੇ ਵਿਕਾਸ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਯੋਗਦਾਨ ਦੀ ਚਰਚਾ ਕਰੋ।**

ਉੱਤਰ:- ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਸਨ। ਆਪ ਜੀ ਦਾ ਗੁਰੂ ਕਾਲ 1581 ਤੋਂ 16 06 ਈ: ਤੱਕ ਰਿਹਾ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਾਨ ਕੰਮਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**1.ਹਰਿਮੰਦਰ ਸਾਹਿਬ ਦਾ ਨਿਰਮਾਣ** :- ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਿੱਖ ਪੰਥ ਦੇ ਵਿਕਾਸ ਲਈ ਸਭ ਤੋਂ ਪਹਿਲਾਂ ਕਾਰਜ ਹਰਿਮੰਦਰ ਸਾਹਿਬ ਦਾ ਨਿਰਮਾਣ ਸੀ। ਇਸਦੀ ਨੀਹ 13 ਜਨਵਰੀ 1588 ਈ: ਵਿੱਚ ਪ੍ਰਸਿੱਧ ਸੂਫੀ ਸੰਤ ਸਾਈ ਮੀਆਂ ਮੀਰ ਜੀ ਨੇ ਰੱਖੀ ਸੀ। 1601 ਈ: ਵਿੱਚ ਹਰਿਮੰਦਰ ਸਾਹਿਬ ਜੀ ਦਾ ਨਿਰਮਾਣ ਕਾਰਜ ਸੰਪੂਰਨ ਹੋਇਆ।

**2. ਤਰਨ ਤਾਰਨ ਦੀ ਸਥਾਪਨਾ:-** 1590 ਈ: ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਾਝੇ ਦੇ ਇਲਾਕੇ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰਨ ਲਈ ਅੰਮ੍ਰਿਤਸਰ ਤੋਂ 24 ਕਿਲੋਮੀਟਰ ਦੱਖਣ ਵੱਲ ਤਰਨ ਤਾਰਨ ਨਗਰ ਦੀ ਸਥਾਪਨਾ ਕੀਤੀ। ਇਥੇ ਤਰਨ ਤਾਰਨ

ਨਾਂ ਦਾ ਇੱਕ ਸਰੋਵਰ ਵੀ ਖੁਦਵਾਇਆ। ਤਰਨ ਤਾਰਨ ਤੋਂ ਭਾਵ ਸੀ ਕਿ ਇਸ ਸਰੋਵਰ ਵਿੱਚ ਸ਼ਰਧਾ ਨਾਲ ਇਸ਼ਨਾਨ ਕਰਨ ਵਾਲਾ ਸ਼ਰਧਾਲੂ ਇਸ ਭਵਸਾਗਰ ਤੋਂ ਤਰ ਜਾਵੇਗਾ ।

**3. ਕਰਤਾਰਪੁਰ ਅਤੇ ਹਰਗੋਬਿੰਦਪੁਰ ਸਾਹਿਬ ਦੀ ਸਥਾਪਨਾ:-** 1593 ਈ: ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਲੰਧਰ ਜ਼ਿਲ੍ਹੇ ਵਿੱਚ ਕਰਤਾਰਪੁਰ ਨਗਰ ਦੀ ਸਥਾਪਨਾ ਕੀਤੀ ।ਕਰਤਾਰਪੁਰ ਤੋਂ ਭਾਵ ਹੈ ਈਸ਼ਵਰ ਦਾ ਸਹਿਰ । 1595 ਈ: ਵਿੱਚ ਗੁਰੂ ਸਾਹਿਬ ਜੀ ਨੇ ਆਪਣੇ ਸਪੁੱਤਰ ਹਰਗੋਬਿੰਦ ਸਾਹਿਬ ਜੀ ਦੇ ਜਨਮ ਦੀ ਖੁਸ਼ੀ ਵਿੱਚ ਬਿਆਸ ਨਦੀ ਦੇ ਕੰਢੇ ਹਰਗੋਬਿੰਦਪੁਰ ਨਾਮਕ ਨਗਰ ਦੀ ਸਥਾਪਨਾ ਕੀਤੀ।

**4. ਮਸੰਦ ਪ੍ਰਥਾ ਦਾ ਵਿਕਾਸ** :- ਮਸੰਦ ਪ੍ਰਥਾ ਦਾ ਵਿਕਾਸ ਬਿਨਾਂ ਸ਼ੱਕ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਾਨ ਕੰਮਾਂ ਵਿੱਚੋਂ ਇੱਕ ਸੀ। ਭਾਵੇਂ ਮਸੰਦ ਪ੍ਰਥਾ ਦਾ ਆਰੰਭ ਸ੍ਰੀ ਗੁਰੂ ਰਾਮਦਾਸ ਜੀ ਸਮੇਂ ਹੋ ਗਿਆ ਸੀ ਪ੍ਰੰਤੂ ਇਸ ਦਾ ਵਿਕਾਸ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੀ ਹੋਇਆ।

**5. ਆਦਿ ਗ੍ਰੰਥ ਸਾਹਿਬ ਦਾ ਸੰਪਾਦਨ** :-ਸਿੱਖ ਪੰਥ ਦੇ ਵਿਕਾਸ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਭ ਤੋਂ ਮਹਾਨ ਕਾਰਜ ਆਦਿ ਗ੍ਰੰਥ ਸਾਹਿਬ ਦਾ ਸੰਪਾਦਨ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਚਾਰ ਗੁਰੂ ਸਾਹਿਬਾਨ ਤੇ ਅਪਣੀ ਬਾਣੀ, ਭਗਤ ਸਹਿਬਾਨ ,ਸੂਫੀਆਂ ਸੰਤਾਂ ਅਤੇ ਭੱਟਾਂ ਦੀ ਬਾਣੀ ਨੂੰ ਆਦਿ ਗ੍ਰੰਥ ਸਾਹਿਬ ਵਿੱਚ ਦਰਜ ਕਰਵਾਇਆ। ਭਾਈ ਗੁਰਦਾਸ ਜੀ ਨੇ ਬਾਣੀ ਨੂੰ ਲਿਖਣ ਦਾ ਕੰਮ ਕੀਤਾ। ਬਾਬਾ ਬੁੱਢਾ ਜੀ ਨੂੰ ਇਸ ਦਾ ਪਹਿਲਾ ਗ੍ਰੰਥੀ ਥਾਪਿਆ ਗਿਆ। ਸ੍ਰੀ ਆਦਿ ਗ੍ਰੰਥ ਸਾਹਿਬ ਦੇ ਸੰਪਾਦਨ ਨਾਲ ਸਿੱਖਾਂ ਨੂੰ ਆਪਣਾ ਅਲੱਗ ਗ੍ਰੰਥ ਮਿਲ ਗਿਆ ਜੋ ਸਿੱਖ ਧਰਮ ਦੇ ਵਿਕਾਸ ਲਈ ਇੱਕ ਮਹੱਤਵਪੂਰਨ ਕਦਮ ਸੀ।

**ਪ੍ਰਸ਼ਨ : ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਮਹੱਤਵ ਦਾ ਵਰਣਨ ਕਰੋ।**

ਉੱਤਰ :ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਮਹੱਤਵ ਹੇਠ ਲਿਖੇ ਅਨੁਸਾਰ ਹੈ:-

1. **ਸ੍ਰੀ ਗੁਰੂ ਹਰਗੋਬਿੰਦ ਜੀ ਦੀ ਨਵੀਂ ਨੀਤੀ** :ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਗੁਰੂ ਹਰਗੋਬਿੰਦ ਜੀ ਦੇ ਮਨ ਤੇ ਬਹੁਤ ਅਸਰ ਪਿਆ ਉਹਨਾਂ ਨੇ ਗੁਰਗੱਦੀ ਤੇ ਬੈਠਦੇ ਸਮੇਂ ਦੋ ਤਲਵਾਰਾਂ ਧਾਰਨ ਕੀਤੀਆਂ ਅਤੇ ਮੀਰੀ ਤੇ ਪੀਰੀ ਦੀ ਨੀਤੀ ਸ਼ੁਰੂ ਕੀਤੀ।
2. **ਸਿੱਖਾਂ ਵਿੱਚ ਏਕਤਾ**: ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਸਿੱਖਾਂ ਨੇ ਇਹ ਮਹਿਸੂਸ ਕੀਤਾ ਕਿ ਵੱਖ -ਵੱਖ ਰਹਿ ਕੇ ਮੁਗ਼ਲਾਂ ਦਾ ਮੁਕਾਬਲਾ ਕਰਨਾ ਅਤੇ ਗੁਰੂ ਸਾਹਿਬ ਦੀ ਸ਼ਹੀਦੀ ਦਾ ਬਦਲਾ ਲੈਣਾ ਸੰਭਵ ਨਹੀਂ ਹੈ। ਇਸ ਲਈ ਸਿੱਖਾਂ ਵਿੱਚ ਏਕਤਾ ਹੋਣਾ ਜਰੂਰੀ ਹੈ। ਉਹ ਤੇਜ਼ੀ ਨਾਲ ਸੰਗਠਤ ਹੋਣ ਲੱਗੇ।
3. . **ਸਿੱਖਾਂ ਅਤੇ ਮੁਗ਼ਲਾਂ ਵਿਚਕਾਰ ਸੰਬੰਧਾਂ ਵਿੱਚ ਕੁੜੱਤਣ** :ਹੁਮਾਯੂੰ ਅਤੇ ਅਕਬਰ ਦੇ ਸਮੇਂ ਸਿੱਖਾਂ ਅਤੇ ਮੁਗ਼ਲਾਂ ਵਿਚਕਾਰ ਸਬੰਧ ਸੁਖਾਵੇਂ ਸਨ। ਗੁਰੂ ਸਾਹਿਬ ਜੀ ਦੀ ਸ਼ਹੀਦੀ ਦਾ ਇਹਨਾਂ ਸੰਬੰਧਾਂ ਤੇ ਬਹੁਤ ਮਾੜਾ ਅਸਰ ਪਿਆ। ਸਿੱਖ ਅਤੇ ਮੁਗ਼ਲ ਇੱਕ ਦੂਜੇ ਦੇ ਕੱਟੜ ਦੁਸ਼ਮਣ ਬਣ ਗਏ।
4. **ਸਿੱਖਾਂ ਤੇ ਅੱਤਿਆਚਾਰਾਂ ਵਿੱਚ ਵਾਧਾ** :ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਮੁਗਲਾਂ ਦੁਆਰਾ ਸਿੱਖਾਂ ਤੇ ਭਾਰੀ ਜੁਲਮ ਕੀਤੇ ਗਏ ਜਿਹਨਾਂ ਵਿੱਚ ਬਹੁਤ ਸਾਰੇ ਸਿੱਖਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ।

5. **ਸਿੱਖ ਧਰਮ ਦਾ ਹਰਮਨ ਪਿਆਰਾ ਹੋਣਾ:** ਗੁਰੂ ਸਾਹਿਬ ਜੀ ਦੀ ਸ਼ਹੀਦੀ ਅਤੇ ਮੁਗ਼ਲਾਂ ਦੁਆਰਾ ਕੀਤੇ ਗਏ ਅੱਤਿਆਚਾਰਾਂ ਕਾਰਨ ਲੋਕਾਂ ਵਿੱਚ ਸਿੱਖ ਧਰਮ ਪ੍ਰਤੀ ਹਮਦਰਦੀ ਦੀ ਲਹਿਰ ਪੈਦਾ ਹੋਈ। ਲੋਕ ਸਿੱਖਾਂ ਦੇ ਜ਼ਜ਼ਬੇ ਅਤੇ ਗੁਰੂ ਸਾਹਿਬਾਨ ਦੀ ਸ਼ਖਸੀਅਤ ਤੋਂ ਬਹੁਤ ਪ੍ਰਭਾਵਿਤ ਹੋਏ। ਇਸ ਨਾਲ ਸਿੱਖ ਧਰਮ ਬਹੁਤ ਹਰਮਨ ਪਿਆਰਾ ਹੋਇਆ।

**ਪ੍ਰਸ਼ਨ:-. ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਕਾਰਣ ਦੱਸੋ।**

ਉੱਤਰ:- ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਕਾਰਣ ਹੇਠ ਲਿਖੇ ਹਨ:-

1.ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਸਿੱਖਾਂ ਅਤੇ ਮੁਗ਼ਲਾਂ ਵਿਚਾਲੇ ਪੈਦਾ ਹੋਈ ਦੁਸ਼ਮਣੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਇੱਕ ਪ੍ਰਮੁੱਖ ਕਾਰਨ ਬਣੀ ।

2. ਔਰੰਗਜ਼ੇਬ ਦੀ ਧਾਰਮਿਕ ਕੱਟੜਤਾ ਵੀ ਗੁਰੂ ਸਾਹਿਬ ਦੀ ਸ਼ਹੀਦੀ ਦਾ ਮੁੱਖ ਕਾਰਨ ਬਣੀ । ਉਹ ਭਾਰਤ ਵਿੱਚ ਹਰ ਪਾਸੇ ਇਸਲਾਮ ਧਰਮ ਦਾ ਬੋਲ ਬਾਲਾ ਵੇਖਣਾ ਚਾਹੁੰਦਾ ਸੀ ।

3. ਨਕਸ਼ਬੰਦੀਆਂ ਦਾ ਔਰੰਗਜ਼ੇਬ 'ਤੇ ਬਹੁਤ ਪ੍ਰਭਾਵ ਸੀ । ਨਕਸ਼ਬੰਦੀ ਸਿੱਖ ਧਰਮ ਦੇ ਵਿਕਾਸ ਨੂੰ ਇਸਲਾਮ ਲਈ ਖ਼ਤਰਾ ਮੰਨਦੇ ਸਨ। ਇਸ ਲਈ ਉਨ੍ਹਾਂ ਨੇ ਗੁਰੂ ਸਾਹਿਬ ਜੀ ਵਿਰੁੱਧ ਔਰੰਗਜ਼ੇਬ ਨੂੰ ਭੜਕਾਉਣਾ ਸ਼ੁਰੂ ਕਰ ਦਿੱਤਾ ।4. ਗੁਰੂ ਸਾਹਿਬ ਜੀ ਦੀਆਂ ਸਿੱਖ ਧਰਮ ਦੇ ਪ੍ਰਚਾਰ ਲਈ ਕੀਤੀਆਂ ਗਈਆਂ ਯਾਤਰਾਵਾਂ ਤੋਂ ਪ੍ਰਭਾਵਿਤ ਹੋ ਕੇ ਹਜ਼ਾਰਾਂ ਲੋਕ ਸਿੱਖ ਮਤ ਵਿੱਚ ਸ਼ਾਮਲ ਹੋ ਗਏ । ਸਿੱਟੇ ਵਜੋਂ ਔਰੰਗਜ਼ੇਬ ਗੁਰੂ ਜੀ ਦੇ ਵਿਰੁੱਧ ਹੋ ਗਿਆ।

5. ਸ੍ਰੀ ਗੁਰੂ ਹਰਿਰਾਏ ਜੀ ਦਾ ਵੱਡਾ ਪੁੱਤਰ ਰਾਮਰਾਏ ਅਪਣੇ ਆਪ ਨੂੰ ਗੁਰਗੱਦੀ ਦਾ ਅਸਲ ਹੱਕਦਾਰ ਸਮਝਦਾ ਸੀ । ਉਸ ਨੇ ਔਰੰਗਜ਼ੇਬ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਵਿਰੁੱਧ ਕਾਰਵਾਈ ਕਰਨ ਲਈ ਭੜਕਾਇਆ ।

6. ਕਸ਼ਮੀਰੀ ਪੰਡਤਾਂ ਦੀ ਫਰਿਆਦ ਸੁਣ ਕੇ ਗੁਰੂ ਸਾਹਿਬ ਜੀ ਨੇ ਸ਼ਹਾਦਤ ਦੇਣ ਦਾ ਨਿਸ਼ਚਾ ਕੀਤਾ।

**ਪ੍ਰਸ਼ਨ: ਸ੍ਰੀ ਗੁਰੂ ਤੇਗ ਬਹਾਦਰ ਜੀ ਸ਼ਹੀਦੀ ਦੇ ਕੀ ਨਤੀਜੇ ਨਿਕਲੇ ?**

ਉੱਤਰ :ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਸੰਸਾਰ ਦੇ ਇਤਿਹਾਸ ਦੀ ਅਦੁੱਤੀ ਘਟਨਾ ਬਣ ਗਈ। ਇਸ ਘਟਨਾ ਦੇ ਹੇਠ ਲਿਖੇ ਸਿੱਟੇ ਨਿਕਲੇ:

1. **ਇਤਿਹਾਸ ਦੀ ਮਹਾਨ ਘਟਨਾ:** ਸੰਸਾਰ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਸੀ ਜਦੋਂ ਕਿਸੇ ਮਹਾਂਪੁਰਸ਼ ਨੇ ਕਿਸੇ ਹੋਰ ਧਰਮ ਦੀ ਰੱਖਿਆ ਲਈ ਕੁਰਬਾਨੀ ਦਿੱਤੀ ਹੋਵੇ। ਇਸ ਕੁਰਬਾਨੀ ਕਾਰਨ ਗੁਰੂ ਤੇਗ ਬਹਾਦਰ ਜੀ 'ਹਿੰਦ ਦੀ ਚਾਦਰ' ਦੇ ਨਾਂ ਨਾਲ ਪ੍ਰਸਿੱਧ ਹੋਏ।

2. **ਸਿੱਖਾਂ ਵਿੱਚ ਗੁੱਸੇ ਦੀ ਲਹਿਰ** :ਗੁਰੂ ਸਾਹਿਬ ਜੀ ਦੀ ਸ਼ਹੀਦੀ ਨੇ ਸਿੱਖਾਂ ਨੂੰ ਗੁੱਸੇ ਨਾਲ ਭਰ ਦਿੱਤਾ। ਉਹਨਾਂ ਦੇ ਮਨ ਵਿੱਚ ਮੁਗ਼ਲ ਸਾਮਰਾਜ ਪ੍ਰਤੀ ਨਫ਼ਰਤ ਭਰ ਗਈ। ਉਹ ਗੁਰੂ ਸਾਹਿਬ ਦੀ ਸ਼ਹੀਦੀ ਕਾਰਨ ਸਿੱਖਾਂ ਨੇ ਮਹਿਸੂਸ ਕਰ ਲਿਆ ਕਿ ਜੇਕਰ ਮੁਗ਼ਲ ਸਾਮਰਾਜ ਦੇ ਅੱਤਿਆਚਾਰਾਂ ਨੂੰ ਰੋਕਿਆ ਨਾ ਗਿਆ ਤਾਂ ਮੁਗ਼ਲ ਗੈਰ-ਮੁਸਲਮਾਨਾਂ ਦਾ ਜੀਣਾ ਦੁਭਰ ਕਰ ਦੇਣਗੇ।

3. **ਹਿੰਦੂ ਧਰਮ ਦੀ ਰੱਖਿਆ** :ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਨੇ ਹਿੰਦੂ ਧਰਮ ਨੂੰ ਅਲੋਪ ਹੋਣ ਤੋਂ ਬਚਾ ਲਿਆ। ਮੁਗ਼ਲਾਂ ਨੂੰ ਪਤਾ ਲੱਗ ਗਿਆ ਕਿ ਪੂਰੀ ਹਿੰਦੂ ਕੌਮ ਨੂੰ ਮੁਸਲਮਾਨ ਬਣਾਉਣਾ ਅਸੰਭਵ ਹੈ। ਇਸ ਸ਼ਹੀਦੀ ਨੇ ਹਿੰਦੂਆਂ ਵਿੱਚ ਹੌਸਲਾ ਭਰ ਦਿੱਤਾ ਅਤੇ ਉਹ ਮੁਗ਼ਲ ਸਾਮਰਾਜ ਦੇ ਜ਼ੁਲਮਾਂ ਦਾ ਸਾਹਮਣਾ ਕਰਨ ਲਈ ਤਿਆਰ ਹੋ ਗਏ।

4. **ਖ਼ਾਲਸਾ ਪੰਥ ਦੀ ਸਥਾਪਨਾ** :ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਖਾਲਸਾ ਪੰਥ ਦੀ ਸਥਾਪਨਾ ਦਾ ਕਾਰਨ ਬਣੀ। ਗੁਰੂ ਸਾਹਿਬ ਦੀ ਸ਼ਹੀਦੀ ਨਾਲ ਸਪਸ਼ਟ ਹੋ ਗਿਆ ਕਿ ਮੁਗ਼ਲਾਂ ਦਾ ਮੁਕਾਬਲਾ ਕਰਨ ਲਈ ਸਿੱਖਾਂ ਦਾ ਹਥਿਆਰਬੰਦ ਅਤੇ ਜੰਗੀ ਕਲਾਵਾਂ ਦਾ ਮਾਹਿਰ ਹੋਣਾ ਜਰੂਰੀ ਹੈ। ਇਸ ਮਕਸਦ ਨੂੰ ਧਿਆਨ ਵਿੱਚ ਰੱਖਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ।

5. **ਸ਼ਹੀਦੀ ਪ੍ਰੰਪਰਾ ਦਾ ਆਰੰਭ ਹੋਣਾ** :ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਨੇ ਸਿੱਖ ਧਰਮ ਵਿੱਚ ਸ਼ਹੀਦੀਆਂ ਦੇਣ ਦੀ ਪ੍ਰੰਪਰਾ ਸ਼ੁਰੂ ਕੀਤੀ। ਇਸ ਪ੍ਰੰਪਰਾ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਚਾਰ ਸਾਹਿਬਜ਼ਾਦਿਆਂ, ਮਾਤਾ ਗੁਜ਼ਰ ਕੌਰ ਜੀ, 40 ਮੁਕਤਿਆਂ, ਬੰਦਾ ਸਿੰਘ ਬਹਾਦਰ ਅਤੇ ਹਜ਼ਾਰਾਂ ਸਿੱਖਾਂ ਨੇ ਕੁਰਬਾਨੀਆਂ ਦੇ ਕੇ ਕਾਇਮ ਰੱਖਿਆ।

.6 **ਸਿੱਖ ਸਾਮਰਾਜ ਦੀ ਸਥਾਪਨਾ** :ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਨੇ ਸਿੱਖ ਸਾਮਰਾਜ ਦੀ ਸਥਾਪਨਾ ਦਾ ਅਧਾਰ ਤਿਆਰ ਕੀਤਾ। ਸਿੱਖਾਂ ਨੇ ਗੁਲਾਮੀ ਵਾਲੇ ਜੀਵਨ ਤੋਂ ਬਾਹਰ ਆਉਣ ਦਾ ਨਿਸਚਾ ਕੀਤਾ। ਉਹਨਾਂ ਨੇ ਪਹਿਲਾਂ ਮੁਗ਼ਲਾਂ ਖਿਲਾਫ਼, ਫਿਰ ਅਫ਼ਗਾਨਾਂ ਖਿਲਾਫ਼ ਸੰਘਰਸ਼ ਕੀਤਾ। ਅੰਤ ਬਾਬਾ ਬੰਦਾ ਸਿੰਘ ਬਹਾਦਰ ਨੇ ਪਹਿਲੇ ਸਿੱਖ ਰਾਜ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਸਾਮਰਾਜ ਦੀ ਸਥਾਪਨਾ ਕੀਤੀ।

**ਪ੍ਰਸ਼ਨ** :- ਬਾਬਾ ਬੰਦਾ ਸਿੰਘ ਬਹਾਦਰ ਦੇ ਮੁੱਢਲੇ ਜੀਵਨ ਸਬੰਧੀ ਜਾਣਕਾਰੀ ਦਿਓ।

ਉੱਤਰ :ਬਾਬਾ ਬੰਦਾ ਸਿੰਘ ਬਹਾਦਰ ਦੇ ਮੁੱਢਲੇ ਜੀਵਨ ਸਬੰਧੀ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ:-

1. **ਜਨਮ ਅਤੇ ਬਚਪਨ** :ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ 1670 ਈ :ਵਿੱਚ ਕਸ਼ਮੀਰ ਦੇ ਜਿਲ੍ਹਾ ਪੁਣਛ ਦੇ ਪਿੰਡ ਰਾਜੋਰੀ ਵਿਖੇ ਹੋਇਆ। ਆਪ ਜੀ ਦੇ ਪਿਤਾ ਰਾਮਦੇਵ ਜੀ ਇੱਕ ਕਿਸਾਨ ਸਨ। ਬਾਬਾ ਬੰਦਾ ਸਿੰਘ ਬਹਾਦਰ ਦਾ ਬਚਪਨ ਦਾ ਨਾਂ ਲਛਮਣ ਦੇਵ ਸੀ। ਆਪ ਜੀ ਦਾ ਬਚਪਨ ਗਰੀਬੀ ਵਿੱਚ ਬੀਤਿਆ। ਗਰੀਬ ਹੋਣ ਕਾਰਨ ਬਾਬਾ ਬੰਦਾ ਸਿੰਘ ਬਹਾਦਰ ਜਿਆਦਾ ਪੜ੍ਹ-ਲਿਖ ਨਾ ਸਕੇ ਅਤੇ ਆਪਣੇ ਪਿਤਾ ਜੀ ਦਾ ਹੱਥ ਵੰਡਾਉਣ ਲੱਗੇ। ਉਹ ਸ਼ਿਕਾਰ ਦੇ ਬਹੁਤ ਸ਼ੌਕੀਨ ਸਨ।
2. **ਬੈਰਾਗੀ ਬਣਨਾ** :ਲਛਮਣ ਦੇਵ ਬਚਪਨ ਤੋਂ ਹੀ ਸ਼ਿਕਾਰ ਖੇਡਣ ਦਾ ਸ਼ੌਕੀਨ ਸੀ। 15 ਸਾਲ ਦੀ ਉਮਰ ਵਿੱਚ, ਇੱਕ ਦਿਨ ਸ਼ਿਕਾਰ ਖੇਡਦੇ ਸਮੇਂ ਉਸਨੇ ਇੱਕ ਅਜਿਹੀ ਹਿਰਨੀ ਨੂੰ ਤੀਰ ਮਾਰਿਆ ਜਿਹੜੀ ਗਰਭਵਤੀ ਸੀ । ਉਸਦੀਆਂ ਦੀਆਂ ਅੱਖਾਂ ਦੇ ਸਾਹਮਣੇ ਹੀ ਹਿਰਨੀ ਨੇ ਦੋ ਬੱਚਿਆਂ ਨੂੰ ਜਨਮ ਦਿੱਤਾ ਜਿਹੜੇ ਵੇਖਦੇ ਹੀ ਵੇਖਦੇ ਦਮ ਤੋੜ ਗਏ। ਇਸ ਦ੍ਰਿਸ਼ ਦਾ ਲਛਮਣ ਦੇਵ ਦੇ ਮਨ ਤੇ ਡੂੰਘਾ ਅਸਰ ਪਿਆ ਅਤੇ ਉਹ ਬੈਰਾਗੀ ਬਣ ਗਿਆ। ਬੈਰਾਗੀ ਬਣਨ ਤੋਂ ਬਾਅਦ ਲਛਮਣ ਦੇਵ ਦਾ ਨਾਮ ਮਾਧੋ ਦਾਸ ਰੱਖ ਦਿੱਤਾ ਗਿਆ।
3. **ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਮੁਲਾਕਾਤ** :1708 ਈ :ਵਿੱਚ ਨਾਂਦੇੜ ਵਿਖੇ ਉਸਦੀ ਮੁਲਾਕਾਤ ਸ੍ਰੀ ਗੁਰੂ ਗਬਿੰਦ ਸਿੰਘ ਜੀ ਨਾਲ ਹੋਈ। ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਹਨਾਂ ਦਾ ਸਿੱਖ ਬਣ ਗਿਆ।
4. . **ਬੰਦਾ ਸਿੰਘ ਬਹਾਦਰ ਦੇ ਜੀਵਨ ਵਿੱਚ ਤਬਦੀਲੀ** :ਅੰਮ੍ਰਿਤ ਛਕਣ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਤੰਤਰ - ਮੰਤਰ ਛੱਡ ਦਿੱਤਾ ਅਤੇ ਗੁਰੂ ਸਾਹਿਬ ਦੇ ਆਦੇਸ਼ਾਂ ਅਨੁਸਾਰ ਜੀਵਣ ਬਤੀਤ ਕਰਨ ਲੱਗੇ ।
5. **ਬਾਬਾ ਬੰਦਾ ਸਿੰਘ ਬਹਾਦਰ ਦਾ ਪੰਜਾਬ ਜਾਣਾ** :ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰੂ ਸਾਹਿਬ ਜੀ ਤੋਂ ਪੰਜਾਬ ਵਿੱਚ ਮੁਗਲਾਂ ਦੁਆਰਾ ਕੀਤੇ ਜਾ ਰਹੇ ਜੁਲਮਾਂ ਦੀਆਂ ਕਹਾਣੀਆਂ ਸੁਣੀਆਂ ਤਾਂ ਉਸਦੇ ਮਨ ਵਿੱਚ ਬਹੁਤ ਗੁੱਸਾ ਆਇਆ। ਉਸਦਾ

ਰਾਜਪੂਤ ਖ਼ੂਨ ਖੋਲਣ ਲੱਗਿਆ। ਉਹ ਮੁਗ਼ਲਾਂ ਦੇ ਅੱਤਿਆਚਾਰਾਂ ਦਾ ਬਦਲਾ ਲੈਣਾ ਚਾਹੁੰਦਾ ਸੀ। ਇਸ ਲਈ ਉਸਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪੰਜਾਬ ਜਾਣ ਦੀ ਆਗਿਆ ਮੰਗੀ।

6. . **ਪੰਜਾਬ ਲਈ ਰਵਾਨਗੀ:** ਪੰਜਾਬ ਜਾਣ ਸਮੇਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਆਪਣੇ ਪੰਜ ਤੀਰ ਦਿੱਤੇ। ਗੁਰੂ ਸਾਹਿਬ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਸਹਾਇਤਾ ਲਈ ਪੰਜ ਪਿਆਰਿਆਂ ਅਤੇ 20 ਹੋਰ ਬਹਾਦਰ ਸਿੰਘਾਂ ਨੂੰ ਭੇਜਿਆ। ਇਸਤੋਂ ਇਲਾਵਾ ਗੁਰੂ ਸਾਹਿਬ ਜੀ ਨੇ ਪੰਜਾਬ ਦੇ ਸਿੱਖਾਂ ਦੇ ਨਾਂ ਕੁਝ ਹੁਕਮਨਾਮੇ ਵੀ ਭੇਜੇ ਜਿਹਨਾਂ ਵਿੱਚ ਲਿਖਿਆ ਗਿਆ ਸੀ ਕਿ ਉਹ ਬਾਬਾ ਬੰਦਾ ਸਿੰਘ ਬਹਾਦਰ ਨੂੰ ਆਪਣਾ ਆਗੂ ਮੰਨਣ ਅਤੇ ਮੁਗ਼ਲਾਂ ਖ਼ਿਲਾਫ ਧਰਮ ਯੁੱਧ ਵਿੱਚ ਉਸਦਾ ਸਾਥ ਦੇਣ।

ਪ੍ਰਸ਼ਨ: ਬੰਦਾ ਸਿੰਘ ਬਹਾਦਰ ਦੀਆਂ ਮੁੱਢਲੀਆਂ ਸਫ਼ਲਤਾਵਾਂ ਦੇ ਕੀ ਕਾਰਨ ਸਨ ?

ਉੱਤਰ :ਬਾਬਾ ਬੰਦਾ ਸਿੰਘ ਬਹਾਦਰ ਦੀਆਂ ਮੁੱਢਲੀਆਂ ਸਫ਼ਲਤਾਵਾਂ ਦੇ ਕਾਰਨ ਹੇਠ ਲਿਖੇ ਸਨ:-1.**ਪੰਜਾਬ ਦੇ ਗੈਰ-ਮੁਸਲਿਮਾਂ ਦਾ ਸਹਿਯੋਗ** :ਮੁਗਲ ਸ਼ਾਸਕ ਆਪਣੀ ਗੈਰ-ਮੁਸਲਿਮ ਪਰਜਾ ਤੇ ਬਹੁਤ ਅੱਤਿਆਚਾਰ ਕਰਦੇ ਸਨ। ਉਹਨਾਂ ਤੇ ਅਨੇਕਾਂ ਪ੍ਰਕਾਰ ਦੇ ਕਰ ਲਗਾਏ ਜਾਂਦੇ ਸਨ। ਉਹਨਾਂ ਤੇ ਜ਼ੁਲਮ ਕਰਕੇ ਉਹਨਾਂ ਨੂੰ ਮੁਸਲਮਾਨ ਬਣਨ ਲਈ ਮਜਬੂਰ ਕੀਤਾ ਜਾਂਦਾ ਸੀ । ਇਸ ਲਈ ਪੰਜਾਬ ਦੀ ਗੈਰ-ਮੁਸਲਿਮ ਜਨਤਾ ਬਹੁਤ ਦੁੱਖੀ ਸੀ। ਉਸਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਹਿਯੋਗ ਦਿੱਤਾ।

2. **ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ** :ਗੁਰੂ ਸਾਹਿਬ ਜੀ ਨੇ ਬਾਬਾ ਬੰਦਾ ਸਿੰਘ ਨੂੰ ਪੰਜਾਬ ਭੇਜਣ ਸਮੇਂ ਉਸ ਹੱਥ ਪੰਜਾਬ ਦੇ ਸਿੱਖਾਂ ਦੇ ਨਾਂ ਕੁਝ ਹੁਕਮਨਾਮੇ ਵੀ ਭੇਜੇ ਜਿਹਨਾਂ ਵਿੱਚ ਲਿਖਿਆ ਗਿਆ ਸੀ ਕਿ ਉਹ ਬੰਦਾ ਸਿੰਘ ਬਹਾਦਰ ਨੂੰ ਆਪਣਾ ਆਗੂ ਮੰਨਣ ਅਤੇ ਮੁਗ਼ਲਾਂ ਖ਼ਿਲਾਫ ਧਰਮ ਯੁੱਧ ਵਿੱਚ ਉਸਦਾ ਸਾਥ ਦੇਣ। ਇਹਨਾਂ ਹੁਕਮਨਾਮਿਆਂ ਦੀ ਪਾਲਣਾ ਕਰਦਿਆਂ ਭਾਰੀ ਗਿਣਤੀ ਵਿੱਚ ਸਿੱਖ ਬੰਦਾ ਸਿੰਘ ਬਹਾਦਰ ਦੇ ਝੰਡੇ ਹੇਠ ਇਕੱਠੇ ਹੋ ਗਏ।

.3**ਮੁਗ਼ਲ ਦਰਬਾਰ ਵਿੱਚ ਅਰਾਜਕਤਾ** :ਔਰੰਗਜੇਬ ਦੀ ਮੌਤ ਤੋਂ ਬਾਅਦ ਉਸਦੇ ਉੱਤਰਅਧਿਕਾਰੀਆਂ ਵਿੱਚ ਗੱਦੀ ਪ੍ਰਾਪਤੀ ਲਈ ਸੰਘਰਸ਼ ਸ਼ੁਰੂ ਹੋ ਗਿਆ। ਇਸ ਨਾਲ ਰਾਜ ਵਿੱਚ ਅਰਾਜਕਤਾ ਫੈਲ ਗਈ। ਬੰਦਾ ਸਿੰਘ ਬਹਾਦਰ ਨੇ ਇਸ ਅਰਾਜਕਤਾ ਦਾ ਫਾਇਦਾ ਉਠਾਇਆ।

.4**ਬਾਬਾ ਬੰਦਾ ਸਿੰਘ ਬਹਾਦਰ ਦਾ ਸ਼ਾਸਨ ਪ੍ਰਬੰਧ** :ਬਾਬਾ ਬੰਦਾ ਸਿੰਘ ਬਹਾਦਰ ਦੇ ਇੱਕ ਚੰਗੇ ਸ਼ਾਸਨ ਪ੍ਰਬੰਧ ਦੀ ਵਿਵਸਥਾ ਕੀਤੀ। ਉਸਨੇ ਜਿੰਮੀਦਾਰੀ ਪ੍ਰਥਾ ਨੂੰ ਖਤਮ ਕਰਕੇ ਕਿਸਾਨਾਂ ਨੂੰ ਜਮੀਨ ਦੇ ਮਾਲਕ ਬਣਾ ਦਿੱਤਾ। ਆਪਣੇ ਰਾਜ ਵਿੱਚ ਇਮਾਨਦਾਰ ਅਤੇ ਯੋਗ ਕਰਮਚਾਰੀ ਨਿਯੁਕਤ ਕੀਤੇ। ਗਰੀਬਾਂ ਵੱਲ ਵਿਸ਼ੇਸ਼ ਧਿਆਨ ਦਿੱਤਾ। ਵਧੀਆ ਨਿਆਂ ਵਿਵਸਥਾ ਦਾ ਪ੍ਰਬੰਧ ਕੀਤਾ। ਉਸਦੇ ਸ਼ਾਸਨ ਪ੍ਰਬੰਧ ਨੂੰ ਲੋਕਾਂ ਨੇ ਪਸੰਦ ਕੀਤਾ ਅਤੇ ਬੰਦਾ ਸਿੰਘ ਬਹਾਦਰ ਨੂੰ ਸਹਿਯੋਗ ਦਿੱਤਾ।

.5**ਪੰਜਾਬ ਦੇ ਭੂਗੋਲਿਕ ਹਾਲਾਤ** :ਪੰਜਾਬ ਦੇ ਪਹਾੜਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਸਹਾਇਤਾ ਕੀਤੀ ਜਦੋਂ 1710 ਈ :ਵਿੱਚ ਬਾਬਾ ਬੰਦਾ ਸਿੰਘ ਬਹਾਦਰ ਤੇ ਭਾਰੀ ਹਮਲਾ ਹੋਇਆ ਤਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਦੇ ਜੰਗਲਾਂ ਵਿੱਚ ਸ਼ਰਨ ਲਈ। ਉਸਨੇ ਇੱਥੇ ਆਪਣੀ ਸ਼ਕਤੀ ਨੂੰ ਫਿਰ ਇਕੱਠਾ ਕੀਤਾ ਅਤੇ ਅਨੇਕ ਪ੍ਰਦੇਸਾਂ ਤੇ ਹਮਲਾ ਕਰਕੇ ਆਪਣੇ ਅਧੀਨ ਕਰ ਲਿਆ।

6. **ਮੁੱਢਲੀਆਂ ਸਫਲਤਾਵਾਂ ਵੱਡੇ ਹਮਲਿਆਂ ਦਾ ਅਧਾਰ ਬਣੀਆਂ** :ਬਾਬਾ ਬੰਦਾ ਸਿੰਘ ਬਹਾਦਰ ਦੇ ਮੁੱਢਲੇ ਹਮਲੇ ਛੋਟੇ-ਛੋਟੇ ਅਧਿਕਾਰੀਆਂ ਦੇ ਵਿਰੁੱਧ ਹਨ। ਇਹਨਾਂ ਨੂੰ ਹਰਾਉਣਾ ਸੌਖਾ ਸੀ। ਲੋਕ ਇਹਨਾਂ ਅਧਿਕਾਰੀਆਂ ਤੋਂ ਦੁੱਖੀ ਸਨ। ਇਹਨਾਂ ਅਧਿਕਾਰੀਆਂ ਨੂੰ ਹਰਾਉਣ ਨਾਲ ਬਾਬਾ ਬੰਦਾ ਸਿੰਘ ਬਹਾਦਰ ਦੀ ਸੈਨਾ ਦਾ ਉਤਸਾਹ ਵਧਿਆ ਅਤੇ ਹੋਰ ਲੋਕ ਵੀ ਬਾਬਾ ਬੰਦਾ ਸਿੰਘ ਬਹਾਦਰ ਦੀ ਸੈਨਾ ਵਿੱਚ ਸ਼ਾਮਿਲ ਹੁੰਦੇ ਰਹੇ। ਇਸ ਨਾਲ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਕਤੀ ਵਧਦੀ ਗਈ ਅਤੇ ਉਸ ਲਈ ਵੱਡੀਆਂ ਮੁਹਿੰਮਾਂ ਚਲਾਉਣਾ ਸੰਭਵ ਹੋ ਗਿਆ।

**ਪ੍ਰਸ਼ਨ : ਸਿੱਖ ਮਿਸਲਾਂ ਅਧੀਨ ਨਿਆਂ ਪ੍ਰਬੰਧ ਦੀ ਚਰਚਾ ਕਰੋ।**

ਉੱਤਰ:- ਮਿਸਲਾਂ ਦੀ ਸ਼ਾਸਨ ਵਿਵਸਥਾ ਸਿੱਖਾਂ ਦੀ ਰਾਜਨੀਤਿਕ ਸੱਤਾ ਦਾ ਆਰੰਭਿਕ ਰੂਪ ਸੀ। ਮਿਸਲਾਂ ਅਧੀਨ ਸਥਾਪਿਤ ਕੀਤਾ ਨਿਆਂ ਪ੍ਰਬੰਧ ਹੇਠ ਲਿਖੇ ਅਨੁਸਾਰ ਸੀ।

**1.ਪੰਚਾਇਤ**:-ਸਿੱਖ ਮਿਸਲਾਂ ਦੇ ਸਮੇਂ ਪੰਚਾਇਤ ਨਿਆਂ ਪ੍ਰਬੰਧ ਦੀ ਸਭ ਤੋਂ ਛੋਟੀ ਅਦਾਲਤ ਹੁੰਦੀ ਸੀ ਹਰ ਪਿੰਡ ਵਿੱਚ ਇੱਕ ਪੰਚਾਇਤ ਹੁੰਦੀ ਸੀ ਇਸ ਲਈ ਪਿੰਡ ਦੇ ਸਭ ਤੋਂ ਜੋ ਅਤੇ ਇਮਾਨਦਾਰ ਵਿਅਕਤੀਆਂ ਨੂੰ ਚੁਣਿਆ ਜਾਂਦਾ ਸੀ। ਪਿੰਡ ਦੇ ਜ਼ਿਆਦਾਤਰ ਮੁਕੱਦਮਿਆਂ ਦਾ ਫੈਸਲਾ ਪੰਚਾਇਤ ਦੁਆਰਾ ਕੀਤਾ ਜਾਂਦਾ ਸੀ । ਲੋਕ ਪੰਚਾਇਤ ਨੂੰ ਪਰਮੇਸ਼ਵਰ ਦਾ ਰੂਪ ਸਮਝ ਕੇ ਉਸ ਦਾ ਫੈਸਲਾ ਪ੍ਰਵਾਨ ਕਰ ਲੈਂਦੇ ਸਨ ।

**2. ਸਰਦਾਰ ਦੀ ਅਦਾਲਤ**:-ਹਰ ਮਿਸਲ ਦਾ ਸਰਦਾਰ ਆਪਣੀ ਵੱਖਰੀ ਅਦਾਲਤ ਲਾਉਂਦਾ ਸੀ । ਇਸ ਵਿੱਚ ਉਹ ਦੀਵਾਨੀ ਅਤੇ ਫ਼ੌਜਦਾਰੀ ਦੋਹਾਂ ਤਰ੍ਹਾਂ ਦੇ ਮੁਕੱਦਮਿਆਂ ਦਾ ਫੈਸਲਾ ਕਰਦਾ ਸੀ । ਉਹ ਪੰਚਾਇਤ ਦੇ ਫੈਸਲਿਆਂ ਵਿਰੁੱਧ ਵੀ ਅਪੀਲਾਂ ਸੁਣਦਾ ਸੀ । ਉਸ ਨੂੰ ਕਿਸੇ ਵੀ ਅਪਰਾਧੀ ਨੂੰ ਮੌਤ ਦੀ ਸਜ਼ਾ ਦੇਣ ਦਾ ਵੀ ਪੂਰਨ ਅਧਿਕਾਰ ਸੀ. ਪਰ ਉਹ ਆਮ ਤੌਰ 'ਤੇ ਅਪਰਾਧੀਆਂ ਨੂੰ ਨਰਮ ਸਜਾਵਾਂ ਹੀ ਦਿੰਦੇ ਸਨ । ਸਰਦਾਰ ਪਰਜਾ ਨਾਲ ਠੀਕ ਨਿਆਂ ਕਰਨ ਦੇ ਉਦੇਸ਼ ਨਾਲ ਆਪ ਭੇਸ ਬਦਲ ਕੇ ਆਪਣੇ ਇਲਾਕੇ ਦਾ ਦੌਰਾ ਕਰਿਆ ਕਰਦੇ ਸਨ ।

**3. ਸਰਬੱਤ ਖ਼ਾਲਸਾ**:-ਮਿਸਲ ਕਾਲ ਵਿੱਚ ਸਰਬੱਤ ਖ਼ਾਲਸਾ ਨੂੰ ਸਿੱਖਾਂ ਦੀ ਸਰਵਉੱਚ ਅਦਾਲਤ ਮੰਨਿਆ ਜਾਂਦਾ ਸੀ । ਮਿਸਲਦਾਰਾਂ ਦੇ ਆਪਸੀ ਝਗੜਿਆਂ, ਉੱਤਰਾਧਿਕਾਰ ਸੰਬੰਧੀ ਝਗੜਿਆਂ ਅਤੇ ਸਿੱਖ ਕੌਮ ਨਾਲ ਸੰਬੰਧਿਤ ਮਾਮਲਿਆਂ ਦੀ ਸੁਣਵਾਈ ਸਰਬੱਤ ਖ਼ਾਲਸਾ ਦੁਆਰਾ ਕੀਤੀ ਜਾਂਦੀ ਸੀ । ਇਹ ਸਰਬੱਤ ਖ਼ਾਲਸਾ ਮੁਕੱਦਮਿਆ ਦਾ ਫੈਸਲਾ ਕਰਨ ਲਈ ਸ੍ਰੀ ਅਕਾਲ ਤਖ਼ਤ ਅੰਮ੍ਰਿਤਸਰ ਵਿੱਚ ਇਕੱਠਾ ਹੁੰਦਾ ਸੀ । ਉਸ ਦੁਆਰਾ ਪਾਸ ਕੀਤੇ ਗਏ ਗੁਰਮਤਿਆਂ ਦੀ ਸਾਰੇ ਸਿੱਖ ਪਾਲਣਾ ਕਰਦੇ ਸਨ ।

**4. ਕਾਨੂੰਨ ਅਤੇ ਸਜ਼ਾਵਾਂ** :-ਸਿੱਖ ਮਿਸਲਾਂ ਦੇ ਸਮੇਂ ਨਿਆਂ ਪ੍ਰਬੰਧ ਬਿਲਕੁਲ ਸਾਧਾਰਨ ਸੀ । ਕਾਨੂੰਨ ਲਿਖਤੀ ਨਹੀਂ ਸਨ । ਮੁਕੱਦਮਿਆਂ ਦੇ ਫੈਸਲੇ ਉਸ ਸਮੇਂ ਦੇ ਪ੍ਰਚਲਿਤ ਰੀਤੀ-ਰਿਵਾਜਾ ਅਨੁਸਾਰ ਕੀਤੇ ਜਾਦੇ ਸਨ । ਉਸ ਸਮੇਂ ਸਜ਼ਾਵਾਂ ਸਖ਼ਤ ਨਹੀਂ ਸਨ । ਕਿਸੇ ਵੀ ਅਪਰਾਧੀ ਨੂੰ ਮੌਤ ਦੀ ਸਜ਼ਾ ਨਹੀਂ ਦਿੱਤੀ ਜਾਂਦੀ ਸੀ । ਵਧੇਰੇ ਕਰਕੇ ਅਪਰਾਧੀਆਂ ਤੋਂ ਜੁਰਮਾਨਾ ਵਸੂਲ ਕੀਤਾ ਜਾਂਦਾ ਸੀ । ਜੇ ਕੋਈ ਅਪਰਾਧੀ ਵਾਰ-ਵਾਰ ਅਪਰਾਧ ਕਰਦਾ ਸੀ ਤਾਂ ਉਸ ਦੇ ਹੱਥ ਪੈਰ, ਨੱਕ, ਕੰਨ ਆਦਿ ਕੱਟ ਦਿੱਤੇ ਜਾਂਦੇ ਸਨ । ਮੁਕੱਦਮਾ ਜਿੱਤਣ ਵਾਲੇ ਵਿਅਕਤੀ ਤੋਂ ਸਰਕਾਰ ਸ਼ੁਕਰਾਨਾ ਵਸੂਲ ਕਰਦੀ ਸੀ ।

**ਸਿੱਟਾ**:- ਅੰਤ ਵਿੱਚ ਅਸੀਂ ਕਹਿ ਸਕਦੇ ਹਾਂ  ਕਿ ਮਿਸਲਾਂ ਦੇ ਸਮੇਂ ਨਿਆਂ ਪ੍ਰਬੰਧ ਕੋਈ ਬਹੁਤਾ ਵਿਕਸਿਤ ਨਹੀਂ ਸੀ ਪਰ ਇਹ ਉਸ ਸਮੇਂ ਦੀਆਂ ਹਾਲਤਾਂ ਦੇ ਅਨੁਕੂਲ ਸੀ। ਭਾਵੇਂ ਸਿੱਖ ਸਰਦਾਰ ਸਿੱਖ ਸਿਧਾਂਤਾਂ ਅਨੁਸਾਰ ਆਪਣਾ ਪ੍ਰਬੰਧ ਚਲਾਉਂਦੇ ਸਨ ਪਰ ਉਨਾਂ ਅਧੀਨ ਗੈਰ ਸਿੱਖਾਂ ਨੂੰ ਵੀ ਪੂਰਨ ਨਿਆਂ ਪ੍ਰਾਪਤ ਹੁੰਦਾ ਸੀ।

**ਪ੍ਰਸ਼ਨ: ਮਿਸਲਾਂ ਦੇ ਸੈਨਿਕ ਪ੍ਰਬੰਧ ਦੀਆਂ ਮੁੱਖ ਵਿਸ਼ੇਸ਼ਤਾਵਾਂ ਲਿਖੋ ?**

ਉੱਤਰ -:ਮਿਸਲਾ ਦੇ ਸੈਨਿਕ ਪ੍ਰਬੰਧ ਦੀਆਂ ਮੁੱਖ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਸਨ-:

1. **ਘੋੜਸਵਾਰ ਫ਼ੌਜ-:** ਮਿਸਲਾਂ ਅਧੀਨ ਫੌਜ ਦਾ ਸਭ ਤੋਂ ਮੁੱਖ ਅਤੇ ਮਹੱਤਵਪੂਰਨ ਅੰਗ ਘੋੜਸਵਾਰ ਫ਼ੌਜ ਸੀ। ਉਸ ਸਮੇਂ ਪੈਦਲ ਫ਼ੌਜ ਦਾ ਇੰਨਾ ਮਹੱਤਵ ਨਹੀ ਸੀ ਅਤੇ ਸਿੱਖ ਸੈਨਿਕ ਘੋੜੇ ਤੋਂ ਬਿਨਾਂ ਲੜ੍ਹਾਈ ਕਰਨਾ ਆਪਣੀ ਸ਼ਾਨ ਦੇ ਖਿਲਾਫ਼ ਸਮਝਦੇ ਸਨ ਉਹ ਕੁਸ਼ਲ ਘੋੜਸਵਾਰ ਸਨ ਅਤੇ ਘੋੜ ਤੇ ਸਵਾਰ ਹੋ ਕੇ ਚੰਗੀ ਤਰ੍ਹਾਂ ਯੁੱਧ ਕਰ ਸਕਦੇ ਸਨ। ਇੱਕ ਦਿਨ ਵਿੱਚ 50 ਤੋਂ 120 ਮੀਲ ਤੱਕ ਦਾ ਸਫ਼ਰ ਤੈਅ ਕਰ ਲੈਂਦੇ ਸਨ।

**2. ਸੈਨਿਕਾਂ ਦੀ ਭਰਤੀ** :ਮਿਸਲ ਫ਼ੌਜ ਵਿੱਚ ਲੋਕ ਆਪਣੀ ਇੱਛਾਂ ਨਾਲ ਭਰਤੀ ਹੁੰਦੇ ਸਨ। ਕਿਸੇ ਨੂੰ ਭਰਤੀ ਹੋਣ ਲਈ ਮਜਬੂਰ ਨਹੀ ਕੀਤਾ ਜਾਂਦਾ ਸੀ । ਸਰੀਰਿਕ ਸ਼ਕਤੀ ਅਤੇ ਲੜਾਈ ਲੜਨ ਦੀ ਨਿਪੁੰਨਤਾ ਫ਼ੌਜ ਵਿੱਚ ਭਰਤੀ ਲਈ ਜਰੂਰੀ ਸ਼ਰਤਾਂ ਮੰਨੀਆਂ ਜਾਂਦੀਆ ਸਨ। ਸੈਨਿਕ ਇੱਕ ਮਿਸਲਦਾਰ ਨੂੰ ਛੱਡ ਕੇ ਕਿਸੇ ਦੂਜੇ ਮਿਸਲਦਾਰ ਦੀ ਸੈਨਾਂ ਵਿੱਚ ਭਰਤੀ ਹੋ ਸਕਦਾ ਸੀ। ਸੈਨਿਕਾਂ ਦੇ ਨਾਂ ਅਤੇ ਉਨ੍ਹਾਂ ਦੇ ਹੁਲੀਏ ਸੰਬੰਧੀ ਰਿਕਾਰਡ ਨਹੀ ਰੱਖਿਆ ਜਾਂਦਾ ਸੀ।

**.3ਸੈਨਿਕਾਂ ਦੀ ਤਨਖਾਹ** :ਸੈਨਿਕਾਂ ਨੂੰ ਨਕਦ ਤਨਖਾਹ ਨਹੀ ਮਿਲਦੀ ਸੀ। ਉਨ੍ਹਾਂ ਨੂੰ ਲੁੱਟ-ਮਾਰ ਦਾ ਕੁੱਝ ਹਿੱਸਾ ਦਿੱਤਾ ਜਾਂਦਾ ਸੀ। ਸਾਲ ਵਿੱਚ ਦੋ ਵਾਰੀ ਹਾੜ੍ਹੀ ਅਤੇ ਸਾਉਣੀ ਦੀ ਫਸਲਾਂ ਤੋਂ ਇੱਕਠੇ ਹੋਏ ਲਗਾਨ ਦਾ ਕੁੱਝ ਭਾਗ ਵੀ ਦਿੱਤਾ ਜਾਂਦਾ ਸੀ।

4.**ਸੈਨਿਕਾਂ ਦੇ ਹਥਿਆਰ ਅਤੇ ਸਾਮਾਨ**-:ਮਿਸਲ ਸੈਨਿਕ ਲੜਾਈ ਵਿਚ ਤਲਵਾਰਾਂ, ਖੰਜਰਾਂ, ਤੀਰ-ਕਮਾਨਾਂ, ਬਰਸੇ ਆਦਿ ਹਥਿਆਰਾਂ ਦੀ ਵਰਤੋਂ ਕਰਦੇ ਸਨ। ਉਹ ਬੰਦੂਕਾਂ ਦੀ ਵੀ ਵਰਤੋਂ ਕਰਦੇ ਸਨ। ਸਿੱਖ ਸੈਨਿਕਾ ਦਾ ਸਮਾਨ ਭੁੰਨੇ ਹੋਏ ਛੋਲਿਆਂ ਦਾ ਭਰਿਆ ਥੈਲਾ ਗੁੜ, ਇੱਕ ਰੱਸੀ ਅਤੇ ਦੋ ਕੰਬਲ ਹੁੰਦੇ ਸਨ।

5.**ਲੜਾਈ ਦਾ ਢੰਗ** -:ਮੁਗਲਾ ਅਤੇ ਅਫਗਾਨਾਂ ਦੇ ਅਸੀਮਤ ਸਾਧਨਾਂ ਅਤੇ ਭਾਰੀ ਤੋਪਖਾਨੇ ਦੇ ਕਾਰਨ ਮਿਸਲ ਸੈਨਿਕਾਂ ਨੇ ਗੁਰੀਲਾ ਯੁੱਧ ਵਿਧੀ ਜਾਂ ਛਾਪਾਮਾਰ ਯੁੱਧ ਵਿਧੀ ਅਪਣਾਈ। 'ਮਾਰੋ ਅਤੇ ਭੱਜੋ' ਇਸ ਯੁੱਧ ਨੀਤੀ ਦਾ ਮੁੱਖ ਅਧਾਰ ਸੀ ਇਸ ਯੁੱਧ ਨੀਤੀ ਅਨੁਸਾਰ ਸਿੱਖ ਸੈਨਿਕ ਦੁਸ਼ਮਣ ਤੇ ਅਚਾਨਕ ਹਮਲਾ ਕਰਕੇ ਉਸ ਨੂੰ ਬਹੁਤ ਨੁਕਸਾਨ ਪਹੁੰਚਾ ਕੇ ਆਪ ਜੰਗਲਾਂ ਸ਼ਰਨ ਲੈ ਲੈਂਦੇ ਸਨ। ਸਿੱਖਾਂ ਦੀ ਇਹ ਯੁੱਧ ਪ੍ਰਣਾਲੀ ਮੁਗ਼ਲਾ ਦੇ ਵਿਰੁੱਧ ਸਫਲਤਾ ਦਾ ਮੁੱਖ ਕਾਰਣ ਬਣੀ।

5.**ਮਿਸਲ ਸੈਨਾ ਦੀ ਗਿਣਤੀ**-ਮਿਸਲ ਸੈਨਾ ਦੀ ਗਿਣਤੀ ਬਾਰੇ ਕਈ ਵਿਚਾਰ ਪੇਸ਼ ਕੀਤੇ ਗਏ ਹਨ। ਫੋਰਸਟਰ ਦੇ ਅਨੁਸਾਰ 1783 ਈ .ਵਿਚ ਸਿੱਖਾਂ ਦੀ ਫੌਜ ਲੱਗਪਗ 2 ਲੱਖ ਸੀ । ਬ੍ਰਾਉਨ ਦੇ ਅਨੁਸਾਰ 73000 ਘੋੜਸਵਾਰ ਅਤੇ 25000 ਪੈਦਲ ਸੈਨਿਕ ਸਨ ਜਾਰਜ ਥਾਮਸ ਦੇ ਅਨੁਸਾਰ 60000 ਘੋੜਸਵਾਰ ਅਤੇ 50000 ਪੈਦਲ ਸੈਨਿਕ ਸਨ। ਸਿਟਾ ਇਹ ਕਢਿਆ ਜਾ ਸਕਦਾ ਹੈ ਕਿ 18ਵੀ .ਸਦੀ ਦੇ ਆਖਰੀ ਸਾਲਾਂ ਵਿਚ ਮਿਸਲਾ ਦੀ ਸੈਨਾ ਵਿਚ। ਲੱਖ ਤੋਂ ਜ਼ਿਆਦਾ ਸੈਨਿਕ ਸਨ।

**ਪ੍ਰਸ਼ਨ: ਮਿਸਲਾਂ ਦੇ ਅੰਦਰੂਨੀ ਸ਼ਾਸ਼ਨ ਪ੍ਰਬੰਧਾਂ ਦੇ ਸੰਗਠਨ ਬਾਰੇ ਲਿਖੋ?**

ਉੱਤਰ-.**ਸਰਦਾਰ ਅਤੇ ਮਿਸਲਦਾਰ** -ਹਰੇਕ ਮਿਸਲ ਦਾ ਮੁੱਖੀ ਨੂੰ ਸਰਦਾਰ ਕਿਹਾ ਜਾਂਦਾ ਸੀ। ਮਿਸਲਾਂ ਦੇ ਅੰਦਰੂਨੀ ਸ਼ਾਸ਼ਨ ਪ੍ਰਬੰਧ ਦੀ ਸਾਰੀ ਸ਼ਕਤੀ ਸਰਦਾਰ ਦੇ ਅਧੀਨ ਕੇਂਦਰਿਤ ਸੀ। ਉਹ ਆਪਣੀ ਇਛਾ ਅਨੁਸਾਰ ਮਿਸਲਾਂ ਦਾ ਸ਼ਾਸਨ ਪ੍ਰੰਬਧ ਚਲਾਉਂਦਾ ਸੀ। ਮਿਸਲ ਸਰਦਾਰ ਬਹੁਤ ਸਾਦਾ ਜੀਵਨ ਬਤੀਤ ਕਰਦਾ ਸੀ। ਭਾਵੇਂ ਉਹ ਸਿੱਖ ਧਰਮ ਵਿੱਚ ਪੂਰਾ ਵਿਸ਼ਵਾਸ਼ ਰੱਖਦੇ ਸਨ ਪਰ ਦੂਜੇ ਧਰਮਾਂ ਪ੍ਰਤੀ ਉਦਾਰ ਵੀ ਸਨ। ਉਹ ਕਿਸਾਨਾਂ ਦੀ ਕਲਾਈ ਵੱਲ ਵਿਸ਼ੇਸ਼ ਧਿਆਨ ਦਿੰਦੇ ਸਨ। ਸਾਰੇ ਮਿਸਲ ਸਰਦਾਰਾ ਨੇ ਆਪਣੀਆ ਆਪਣੀਆਂ ਟਕਸਾਲਾਂ ਸਥਾਪਿਤ ਕੀਤੀਆ ਅਤੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ 'ਤੇ ਸਿੱਕੇ ਵੀ ਜਾਰੀ ਕੀਤੇ। ਸਰਦਾਰ ਦੇ ਅਧੀਨ 400 ਤੋਂ 500 ਮਿਸਲਦਾਰ ਹੋਇਆ ਕਰਦੇ ਸਨ। ਇਹ ਮਿਸਲਦਾਰ ਵੀ ਆਪਣੀ ਸੈਨਾ ਰੱਖਦੇ ਸਨ ਅਤੇ ਲੜਾਈ ਸਮੇਂ ਸਰਦਾਰ ਦੀ ਮਦਦ ਕਰਦੇ ਸਨ।

2.**ਜਿਲੇ** -ਪ੍ਰਸ਼ਾਸ਼ਨ ਨੂੰ ਚੰਗੇ ਢੰਗ ਨਾਲ ਚਲਾਉਣ ਦੇ ਉਦੇਸ਼ ਨਾਲ ਮਿਸਲਾਂ ਨੂੰ ਕਈ ਜਿਲ੍ਹਿਆਂ ਵਿੱਚ ਵੰਡਿਆ ਜਾਂਦਾ ਸੀ। ਹਰੇਕ ਜਿਲ੍ਹੇ ਦੇ ਮੁੱਖੀ ਨੂੰ ਕਾਰਦਾਰ ਕਹਿੰਦੇ ਸਨ। ਉਹ ਜਿਲ੍ਹੇ ਦਾ ਸ਼ਾਸ਼ਨ ਪ੍ਰਬੰਧ ਚਲਾਉਣ ਲਈ ਜਿੰਮੇਵਾਰ ਸੀ।

3. **ਛੋਟੀ ਇਕਾਈ ਪਿੰਡ**- ਪਿੰਡ ਮਿਸਲ ਸ਼ਾਸ਼ਨ ਪ੍ਰਬੰਧ ਦੀ ਸਭ ਤੋਂ ਛੋਟੀ ਇਕਾਈ ਸੀ ਕਿਉਂਕਿ ਜਿਆਦਾਤਰ ਲੋਕ ਪਿੰਡਾ ਨਾਲ ਸਬੰਧ ਰੱਖਦੇ ਸਨ ਇਸ ਲਈ ਪਿੰਡ ਦਾ ਪ੍ਰਬੰਧ ਪੰਚਾਇਤ ਦੇ ਹੱਥ ਵਿੱਚ ਹੁੰਦਾ ਸੀ। ਪੰਚਾਇਤ ਪਿੰਡ ਵਾਸੀਆਂ ਦੇ ਝਗੜਿਆਂ ਦਾ ਨਿਪਟਾਰਾ ਕਰਦੀ ਸੀ। ਪੰਚਾਂ ਦੇ ਫੈਸਲੇ ਨੂੰ ਪਰਮਾਤਮਾ ਦਾ ਫੈਸਲਾ ਸਮਝਿਆ ਜਾਂਦਾ ਸੀ। ਮਿਸਲ ਸਰਦਾਰ ਵੀ ਪੰਚਾਇਤ ਦੁਆਰਾ ਕੀਤੇ ਫੈਸਲੇ ਨੂੰ ਸਨਮਾਨ ਦਿੰਦਾ ਸੀ। ਪਿੰਡ ਦਾ ਸ਼ਾਸ਼ਨ ਪ੍ਰਬੰਧ ਚਲਾਉਣ ਨੰਬਰਦਾਰ, ਪਟਵਾਰੀ ਅਤੇ ਚੌਕੀਦਾਰ ਪੰਚਾਇਤ ਦੀ ਸਹਾਇਤਾ ਕਰਦੇ ਸਨ।

**ਪ੍ਰਸ਼ਨ . ਪਹਿਲੇ ਐਂਗਲੋ-ਸਿੱਖ ਯੁੱਧ ਦੇ ਮੁੱਖ ਕਾਰਨ ਕੀ ਸਨ?**

ਉੱਤਰ-ਪਹਿਲੇ ਐਂਗਲੋ-ਸਿੱਖ ਯੁੱਧ ਦੇ ਮਹੱਤਵਪੂਰਨ ਕਾਰਨ ਹੇਠ ਲਿਖੇ ਅਨੁਸਾਰ ਸਨ-

1. ਅੰਗਰੇਜ਼ਾਂ ਦੀ ਸਾਮਰਾਜਵਾਦੀ ਨੀਤੀ-ਸਾਮਰਾਜਵਾਦੀ ਨੀਤੀ ਤੇ ਚਲਦੇ ਹੋਏ ਅੰਗਰੇਜ਼ਾਂ ਨੇ ਰਣਜੀਤ ਸਿੰਘ ਦੇ ਸਮੇ ਤੋਂ ਹੀ ਪੰਜਾਬ ਨੂੰ ਘੇਰਾ ਪਾਉਣਾ ਸ਼ੁਰੂ ਕਰ ਦਿੱਤਾ ਸੀ।

2. ਪੰਜਾਬ ਵਿੱਚ ਫੈਲੀ ਅਰਾਜਕਤਾ-ਮਹਾਰਾਜਾ ਰਣਜੀਤ ਸਿੰਘ ਦੀ 1839 ਈ :ਵਿੱਚ ਮੌਤ ਤੋਂ ਬਾਅਦ ਪੰਜਾਬ ਵਿੱਚ ਅਰਾਜਕਤਾ ਫੈਲ ਗਈ। ਸਥਿਤੀ ਦਾ ਲਾਭ ਉਠਾ ਕੇ ਅੰਗਰੇਜ਼ਾਂ ਨੇ ਲਾਹੌਰ ਦਰਬਾਰ ਦੇ ਵਿਰੋਧੀ ਗੁੱਟਾਂ ਨੂੰ ਇੱਕ ਦੂਸਰੇ ਵਿਰੁੱਧ ਭੜਕਾਉਣਾ ਸ਼ੁਰੂ ਕਰ ਦਿੱਤਾ ਸੀ।

3. ਪਹਿਲੇ ਅਫਗਾਨ ਯੁੱਧ ਵਿੱਚ ਅੰਗਰੇਜ਼ਾਂ ਦੀ ਹਾਰ-ਪਹਿਲੇ ਅਫਗਾਨ ਯੁੱਧ) 1839- 1842) ਵਿੱਚ ਅੰਗਰੇਜ਼ਾਂ ਦੀ ਸ਼ਰਮਨਾਕ ਹਾਰ ਹੋਈ।ਇਸ ਹਾਰ ਨੇ ਸਿੱਖਾਂ ਨੂੰ ਅੰਗਰੇਜ਼ਾਂ ਨਾਲ ਯੁੱਧ ਕਰਨ ਲਈ ਉਤਸ਼ਾਹਿਤ ਕੀਤਾ ਕਿਉਂਕਿ ਜਿਨ੍ਹਾਂ ਅਫ਼ਗਾਨਾਂ ਤੋਂ ਅੰਗਰੇਜ਼ ਹਾਰੇ ਸਨ ਉਹਨਾਂ ਨੂੰ ਸਿੱਖ ਅਨੇਕ ਯੁੱਧਾਂ ਵਿੱਚ ਹਰਾ ਚੁੱਕੇ ਸਨ।

4. ਮੇਜਰ ਬ੍ਰਾਡਫੁੱਟ ਦੀਆਂ ਸਿੱਖਾਂ ਵਿਰੁੱਧ ਗਤੀਵਿਧੀਆਂ ਨਵੰਬਰ 1844 ਈ :ਵਿੱਚ ਮੇਜਰ ਬ੍ਰਾਡਫੁਟ ਲੁਧਿਆਣਾ ਵਿੱਚ ਬ੍ਰਿਟਿਸ਼ ਏਜੰਟ ਨਿਯੁਕਤ ਹੋਇਆ।ਉਹ ਸਿੱਖਾਂ ਦਾ ਸਖ਼ਤ ਵਿਰੋਧੀ ਸੀ।ਉਸਨੇ ਸਿੱਖਾਂ ਨੂੰ ਭੜਕਾਉਣ ਲਈ ਅਨੇਕ ਅਨਉਚਿਤ ਕਾਰਵਾਈਆਂ ਕੀਤੀਆਂ।

5. ਲਾਲ ਸਿੰਘ ਅਤੇ ਤੇਜਾ ਸਿੰਘ ਦੁਆਰਾ ਸਿੱਖ ਫੌਜ ਨੂੰ ਭੜਕਾਉਣਾ-ਲਾਲ ਸਿੰਘ ਅਤੇ ਤੇਜਾ ਸਿੰਘ ਸ਼ਕਤੀਸ਼ਾਲੀ ਖ਼ਾਲਸਾ ਫੌਜ ਨੂੰ ਅੰਗਰੇਜ਼ਾਂ ਨਾਲ ਲੜਾ ਕੇ ਕਮਜ਼ੋਰ ਕਰਨਾ ਚਾਹੁੰਦੇ ਸਨ।ਅੰਗਰੇਜ਼ਾਂ ਦੁਆਰਾ ਕੀਤੀਆਂ ਗਈਆਂ ਸੈਨਿਕ ਤਿਆਰੀਆਂ ਨੂੰ ਦੇਖ ਕੇ ਖ਼ਾਲਸਾ ਫੌਜ ਅੰਗਰੇਜ਼ਾਂ ਨਾਲ ਯੁੱਧ ਲਈ ਤਿਆਰ ਹੋ ਗਈ।

**ਪ੍ਰਸ਼ਨ . ਪਹਿਲੇ ਐਂਗਲੋ ਸਿੱਖ ਯੁੱਧ ਦੇ ਕੀ ਨਤੀਜੇ ਨਿਕਲੇ ?**

ਉੱਤਰ ਪਹਿਲੇ ਅੰਗਰੇਜ਼-ਸਿੱਖ ਯੁੱਧ ਦੇ ਨਤੀਜੇ ਹੇਠ ਲਿਖੇ ਹਨ:-

1. **ਸਿੱਖਾਂ ਦਾ ਭਾਰੀ ਜਾਨੀ ਅਤੇ ਮਾਲੀ ਨੁਕਸਾਨ:-** ਇਸ ਯੁੱਧ ਵਿੱਚ ਸਿੱਖਾਂ ਦਾ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ ।ਅੰਗਰੇਜ਼ਾਂ ਨੇ ਯੁੱਧ ਦੇ ਹਰਜ਼ਾਨੇ ਵੱਜੋਂ ਲਾਹੌਰ ਦਰਬਾਰ ਤੋਂ ਡੇਢ ਕਰੋੜ ਰੁਪਏ ਦੀ ਮੰਗ ਕੀਤੀ ਜਿਸ ਨੂੰ ਦੇਣ ਵਿੱਚ ਲਾਹੌਰ ਦਰਬਾਰ ਅਸਮਰਥ ਸੀ। ਇਸ ਲਈ ਲਾਹੌਰ ਦਰਬਾਰ ਨੇ ਇੱਕ ਕਰੋੜ ਦੇ ਬਦਲੇ ਸਿੰਧ ਅਤੇ ਬਿਆਸ ਨਦੀਆਂ ਦੇ ਵਿਚਕਾਰ ਸਾਰੇ ਪ੍ਰਦੇਸ ਜਿਸ ਵਿੱਚ ਕਸ਼ਮੀਰ ਅਤੇ ਹਜ਼ਾਰਾ ਸ਼ਾਮਿਲ ਸਨ ਅੰਗਰੇਜ਼ਾਂ ਨੂੰ ਦੇ ਦਿੱਤੇ।ਲਾਹੌਰ ਦਰਬਾਰ ਨੇ ਬਾਕੀ 50 ਲੱਖ ਨਕਦ ਦੇਣ ਦਾ ਵਚਨ ਦਿੱਤਾ।

2 . **ਲਾਹੌਰ ਦਰਬਾਰ ਦੀ ਪੈਦਲ ਸੈਨਾ ਘਟਾਉਣਾ:-** ਸਤਲੁਜ ਅਤੇ ਬਿਆਸ ਦੇ ਵਿਚਕਾਰ ਕਿਲ੍ਹੇ ਅਤੇ ਇਲਾਕੇ ਅੰਗਰੇਜ਼ਾਂ ਹਵਾਲੇ ਕਰ ਦਿੱਤੇ ਗਏ। ਲਾਹੌਰ ਦਰਬਾਰ ਦੀ ਪੈਦਲ ਸੈਨਾ ਘਟਾ ਕੇ 20000 ਅਤੇ ਘੋੜ ਸਵਾਰ ਸੈਨਾ 12000 ਨਿਸ਼ਚਿਤ ਕਰ ਦਿੱਤੀ।ਅੰਗਰੇਜ਼ਾਂ ਨੇ ਮਹਾਰਾਜਾ ਦਲੀਪ ਸਿੰਘ ਨੂੰ ਲਾਹੌਰ ਦਾ ਮਹਾਰਾਜਾ, ਰਾਣੀ ਜ਼ਿੰਦਾ ਨੂੰ ਸਰਪ੍ਰਸਤ ਅਤੇ ਲਾਲ ਸਿੰਘ ਨੂੰ ਪ੍ਰਧਾਨ ਮੰਤਰੀ ਸਵੀਕਾਰ ਕੀਤਾ।

3. **ਅੰਗਰੇਜ਼ ਰੈਜ਼ੀਡੈਂਟ ਦੀ ਨਿਯੁਕਤੀ:-** ਲਾਹੌਰ ਰਾਜ ਦਾ ਸ਼ਾਸਨ ਪ੍ਰਬੰਧ ਬ੍ਰਿਟਿਸ਼ ਸਰਕਾਰ ਦੁਆਰਾ ਨਿਯੁਕਤ ਕੀਤੇ ਅੰਗਰੇਜ਼ ਰੈਜ਼ੀਡੈਂਟ ਆ ਗਿਆ।ਲਾਹੌਰ ਦਾ ਮਹਾਰਾਜਾ ਅਤੇ ਸਰਦਾਰ ਅੰਗਰੇਜ਼ਾਂ ਦੀ ਕਠਪੁਤਲੀ ਬਣ ਕੇ ਰਹਿ ਗਏ।

4. **ਮਹਾਰਾਣੀ ਜ਼ਿੰਦਾ ਨੂੰ ਸ਼ਾਸਨ ਪ੍ਰਬੰਧ ਤੋਂ ਵੱਖ ਕਰਨਾ:-** ਭੈਰੋਵਾਲ ਦੀ ਸੰਧੀ ਰਾਹੀਂ ਮਹਾਰਾਣੀ ਜ਼ਿੰਦਾ ਨੂੰ ਸ਼ਾਸਨ ਪ੍ਰਬੰਧ ਤੋਂ ਵੱਖ ਕਰਕੇ ਡੇਢ ਲੱਖ ਰੁਪਏ ਸਲਾਨਾ ਪੈਨਸ਼ਨ ਲਗਾ ਦਿੱਤੀ ਗਈ।

5. **ਲਾਹੌਰ ਵਿੱਚ ਸਥਾਈ ਅੰਗਰੇਜ਼ ਸੈਨਾ:-** ਭੈਰੋਵਾਲ ਦੀ ਸੰਧੀ ਰਾਹੀਂ ਅੰਗਰੇਜ਼ ਸੈਨਾ ਸਥਾਈ ਰੂਪ ਵਿੱਚ ਲਾਹੌਰ ਵਿੱਚ ਰਹਿਣ ਲੱਗੀ ਜਿਸਦਾ ਖਰਚ 22 ਲੱਖ ਰੁਪਏ ਲਾਹੌਰ ਰਾਜ ਦੇਣ ਲੱਗਾ।

**ਪ੍ਰਸ਼ਨ . ਪਹਿਲੇ ਐਂਗਲੋ-ਸਿੱਖ ਯੁੱਧ ਤੋਂ ਬਾਅਦ ਅੰਗਰੇਜ਼ਾਂ ਨੇ ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਸ਼ਾਮਿਲ ਕਿਉਂ ਨਹੀ ਕੀਤਾ?**

ਉੱਤਰ-ਭਾਵੇਂ ਪਹਿਲੇ ਐਂਗਲੋ-ਸਿੱਖ ਯੁੱਧ ਵਿੱਚ ਅੰਗਰੇਜ਼ ਜਿੱਤ ਗਏ ਸਨ ਪਰੰਤੂ ਓਹਨਾਂ ਨੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਸ਼ਾਮਿਲ ਨਹੀ ਕੀਤਾ। ਇਸਦੇ ਕਾਰਨ ਹੇਠ ਲਿਖੇ ਅਨੁਸਾਰ ਸਨ:-

1. ਸਿੱਖ ਫੌਜ ਪਹਿਲੇ ਐਂਗਲੋ-ਸਿੱਖ ਯੁੱਧ ਵਿੱਚ ਹਾਰ ਗਈ ਸੀ ਪਰੰਤੂ ਉਹ ਹਾਲੇ ਵੀ ਸ਼ਕਤੀਸ਼ਾਲੀ ਸੀ। ਜੇਕਰ ਅੰਗਰੇਜ਼ ਪੰਜਾਬ ਨੂੰ ਆਪਣੇ ਰਾਜ ਵਿੱਚ ਸ਼ਾਮਿਲ ਕਰਦੇ ਤਾਂ ਅੰਗਰੇਜ਼ਾਂ ਨੂੰ ਸਿੱਖ ਫੌਜ ਦੇ ਵਿਦਰੋਹ ਦਾ ਸਾਹਮਣਾ ਕਰਨਾ ਪੈਂਦਾ ਜਿਸ ਲਈ ਅੰਗਰੇਜ਼ ਤਿਆਰ ਨਹੀ ਸਨ।

2. ਅੰਗਰੇਜ਼ ਪੰਜਾਬ ਤੇ ਕਬਜ਼ਾ ਨਾ ਕਰਕੇ ਪੰਜਾਬ ਨੂੰ ਭਾਰਤ ਅਤੇ ਅਫ਼ਗਾਨਿਸਤਾਨ ਵਿੱਚ ਇੱਕ ਮੱਧਵਰਤੀ ਰਾਜ ਦੇ ਤੌਰ ਤੇ ਸਥਾਪਿਤ ਕਰਨਾ ਚਾਹੁੰਦੇ ਸਨ।ਤਾਂ ਕਿ ਅੰਗਰੇਜ਼ਾਂ ਨੂੰ ਅਫ਼ਗਾਨਿਸਤਾਨ ਤੋਂ ਖਤਰੇ ਨੂੰ ਘੱਟ ਕੀਤਾ ਜਾ ਸਕੇ।

3. ਅੰਗਰੇਜ਼ਾਂ ਨੂੰ ਪੰਜਾਬ ਤੇ ਕਬਜ਼ਾ ਕਰਨਾ ਆਰਥਿਕ ਪੱਖ ਤੋਂ ਉਚਿਤ ਨਹੀ ਲਗਦਾ ਸੀ।ਕਿਉਂਕਿ ਅੰਗਰੇਜ਼ਾਂ ਨੂੰ ਪੰਜਾਬ ਵਿੱਚ ਸ਼ਾਂਤੀ ਵਿਵਸਥਾ ਕਾਇਮ ਕਰਨ ਤੇ ਖਰਚ ਕਰਨਾ ਪੈਂਦਾ ਅਤੇ ਬਦਲੇ ਵਿੱਚ ਇੱਥੇ ਫਾਲਤੂ ਆਮਦਨ ਪ੍ਰਾਪਤ ਨਹੀ ਹੋ ਸਕਦੀ ਸੀ।

4. ਅੰਗਰੇਜ਼ਾਂ ਦੀ ਯੋਜਨਾ ਪੰਜਾਬ ਨੂੰ ਆਰਥਿਕ ਅਤੇ ਸੈਨਿਕ ਪੱਖ ਤੋਂ ਇੰਨਾ ਕਮਜ਼ੋਰ ਕਰ ਦੇਣ ਦੀ ਸੀ ਤਾਂ ਕਿ ਭਵਿੱਖ ਵਿੱਚ ਅੰਗਰੇਜ਼ ਜਦੋਂ ਚਾਹੁਣ ਪੰਜਾਬ ਤੇ ਕਬਜ਼ਾ ਕਰ ਸਕਣ।

**ਪ੍ਰਸ਼ਨ :- ਦੂਜੇ ਐਂਗਲੋ-ਸਿੱਖ ਯੁੱਧ ਦੇ ਕੀ ਕਾਰਨ ਸਨ ?**

ਉੱਤਰ :ਦੂਜੇ ਐਂਗਲੋ ਸਿੱਖ ਯੁੱਧ ਦੇ ਕਾਰਨ ਹੇਠ ਸਨ:-

1. **ਸਿੱਖਾਂ ਦੀ ਬਦਲਾ ਲੈਣ ਦੀ ਇੱਛਾ** :ਸਿੱਖ ਭਾਵੇਂ ਹਾਰ ਗਏ ਸਨ ਪਰ ਉਹਨਾਂ ਦੇ ਹੌਸਲੇ ਨਹੀਂ ਟੁੱਟੇ ਸਨ। ਉਹਨਾਂ ਦੀ ਹਾਰ ਦਾ ਵੱਡਾ ਕਾਰਨ ਤੇਜਾ ਸਿੰਘ ਅਤੇ ਲਾਲ ਸਿੰਘ ਦੀ ਗੱਦਾਰੀ ਸੀ। ਉਹ ਆਪਣੀ ਹਾਰ ਦਾ ਬਦਲਾ ਲੈਣਾ ਚਾਹੁੰਦੇ ਸਨ।
2. **ਲਾਹੌਰ ਅਤੇ ਭੈਰੋਵਾਲ ਦੀਆਂ ਸੰਧੀਆਂ**: ਲਾਹੌਰ ਅਤੇ ਭੇਰੋਵਾਲ ਦੀਆਂ ਸੰਧੀਆਂ ਨੇ ਸਿੱਖਾਂ ਦੇ ਵੱਕਾਰ ਨੂੰ ਭਾਰੀ ਸੱਟ ਮਾਰੀ ਸੀ। ਇਹਨਾਂ ਸੰਧੀਆਂ ਦੁਆਰਾ ਲਾਹੌਰ ਦਰਬਾਰ ਤੇ ਅਨੇਕਾਂ ਪਾਬੰਦੀਆਂ ਲਗਾ ਦਿੱਤੀਆਂ ਗਈਆਂ ਸਨ ਜਿਹੜੀਆਂ ਸਿੱਖਾਂ ਨੂੰ ਮੰਜੂਰ ਨਹੀਂ ਸਨ।
3. **ਸਿੱਖ ਸਾਮਰਾਜ ਨੂੰ ਤੋੜਣਾ** :ਅੰਗਰੇਜਾਂ ਨੇ ਜਲੰਧਰ ਦੁਆਬ ਦੇ ਖੇਤਰ ਤੇ ਕਬਜਾ ਕਰ ਲਿਆ ਸੀ। ਕਸ਼ਮੀਰ ਦਾ ਖੇਤਰ ਅੰਗਰੇਜਾਂ ਨੇ ਆਪਣੇ ਮਿੱਤਰ ਰਾਜੇ ਗੁਲਾਬ ਸਿੰਘ ਨੂੰ ਦੇ ਦਿੱਤਾ ਸੀ। ਇਸ ਪ੍ਰਕਾਰ ਮਹਾਰਾਜਾ ਰਣਜੀਤ ਸਿੰਘ ਦੁਆਰਾ ਬਣਾਇਆ ਗਿਆ ਸਿੱਖ ਸਾਮਰਾਜ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ ਸੀ । ਸਿੱਖ ਇਸ ਗੱਲ ਨੂੰ ਬਰਦਾਸ਼ਤ ਨਹੀਂ ਕਰ ਸਕਦੇ ਸਨ।
4. **ਸਿੱਖ ਸੈਨਿਕਾਂ ਵਿੱਚ ਰੋਸ**: ਲਾਹੌਰ ਸੰਧੀ ਤੋਂ ਬਾਅਦ ਹਜ਼ਾਰਾਂ ਸਿੱਖ ਸੈਨਿਕਾਂ ਨੂੰ ਫ਼ੌਜ ਵਿੱਚੋਂ ਕੱਢ ਦਿੱਤਾ ਗਿਆ ਸੀ। ਇਹ ਸੈਨਿਕ ਬੇਰੁਜ਼ਗਾਰ ਹੋ ਗਏ ਸਨ ਪਹਿਲੇ ਐਂਗਲੋ-ਸਿੱਖ ਯੁੱਧ ਵਿੱਚ ਹੋਈ ਹਾਰ ਕਾਰਨ ਲੋਕ ਉਹਨਾਂ ਨੂੰ ਮਿਹਣੇ ਮਾਰਦੇ ਸਨ। ਇਸ ਲਈ ਇਹ ਸਿੱਖ ਸੈਨਿਕ ਅੰਗਰੇਜ਼ਾਂ ਤੋਂ ਬਦਲਾ ਲੈਣਾ ਚਾਹੁੰਦੇ ਸਨ।
5. **ਅੰਗਰੇਜ਼ਾਂ ਦੇ ਸੁਧਾਰ** :ਅੰਗਰੇਜ਼ਾਂ ਨੇ ਪੰਜਾਬ ਵਿੱਚ ਕਈ ਸੁਧਾਰ ਕੀਤੇ। ਉਹਨਾਂ ਨੇ ਸਤੀ ਪ੍ਰਥਾ, ਨਵਜੰਮੀਆਂ ਬੱਚੀਆਂ ਦੀ ਹੱਤਿਆ, ਗੁਲਾਮੀ ਪ੍ਰਥਾ, ਜਿੰਮੀਦਾਰੀ ਪ੍ਰਥਾ ਆਦਿ ਤੇ ਪਾਬੰਦੀ ਲਗਾਉਣ ਦੇ ਯਤਨ ਕੀਤੇ। ਪੰਜਾਬੀਆਂ ਨੇ ਇਸਨੂੰ ਆਪਣੇ ਸਮਾਜਿਕ ਜੀਵਨ ਵਿੱਚ ਦਖ਼ਲ ਅੰਦਾਜ਼ੀ ਸਮਝਿਆ।
6. **ਅੰਗਰੇਜ਼ਾਂ ਦੀ ਲਾਹੌਰ ਦਰਬਾਰ ਵਿੱਚ ਨਿਯੁਕਤੀ** :ਅੰਗਰੇਜ਼ਾਂ ਨੇ ਲਾਹੌਰ ਦਰਬਾਰ ਵਿੱਚ ਹੇਨਰੀ ਲਾਰੈਂਸ ਨੂੰ ਆਪਣਾ ਰੈਜ਼ੀਡੈਂਟ ਨਿਯੁਕਤ ਕੀਤਾ। ਹੈਨਰੀ ਲਾਰੈਂਸ ਨੇ ਲਾਹੌਰ ਦਰਬਾਰ ਦੇ ਉੱਚੇ ਅਹੁਦਿਆਂ ਤੇ ਅੰਗਰੇਜ਼ਾਂ ਨੂੰ ਨਿਯੁਕਤ ਕਰਨਾ ਸ਼ੁਰੂ ਕਰ ਦਿੱਤਾ। ਸਿੱਖ ਸਰਦਾਰਾਂ ਨੂੰ ਇਹ ਗੱਲ ਚੰਗੀ ਨਾ ਲੱਗੀ।

7. **ਮਹਾਰਾਣੀ ਜਿੰਦਾਂ ਨਾਲ ਮਾੜਾ ਸਲੂਕ** :ਅੰਗਰੇਜਾਂ ਨੇ ਮਹਾਰਾਣੀ ਜਿੰਦਾਂ ਦੀਆਂ ਸਾਰੀਆਂ ਸ਼ਕਤੀਆਂ ਖੋਹ ਲਈਆਂ ਅਤੇ ਪੈਨਸ਼ਨ ਲਗਾ ਦਿੱਤੀ। ਫ਼ਿਰ ਉਸਨੂੰ ਸ਼ੇਖੂਪੁਰੇ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਇਸਤੋਂ ਬਾਅਦ ਦੇਸ਼ ਨਿਕਾਲਾ ਦੇ ਕੇ ਬਨਾਰਸ ਭੇਜ ਦਿੱਤਾ ਗਿਆ। ਇਸ ਗੱਲ ਕਾਰਨ ਸਿੱਖਾਂ ਵਿੱਚ ਅੰਗਰੇਜ਼ਾਂ ਵਿਰੁੱਧ ਗੁੱਸਾ ਭਰ ਗਿਆ।
8. **ਦੀਵਾਨ ਮੁਲਰਾਜ ਦਾ ਵਿਦਰੋਹ:** ਦੀਵਾਨ ਮੁਲਰਾਜ ਮੁਲਤਾਨ ਦਾ ਨਾਜ਼ਿਮ ਸੀ। ਅੰਗਰੇਜਾਂ ਨੇ ਮੁਲਤਾਨ ਦਾ ਸਲਾਨਾ ਲਗਾਨ ਬਹੁਤ ਵਧਾ ਦਿੱਤਾ। ਇਸ ਲਈ ਮੂਲਰਾਜ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਅੰਗਰੇਜਾਂ ਨੇ ਨਵੇਂ ਨਾਜ਼ਿਮ ਕਾਹਨ ਸਿੰਘ ਨੂੰ ਅੰਗਰੇਜ਼ ਅਫ਼ਸਰਾਂ ਨਾਲ ਮੁਲਰਾਜ ਤੋਂ ਚਾਰਜ ਲੈਣ ਭੇਜਿਆ। ਮੂਲਰਾਜ ਨੇ ਕਿਲ੍ਹੇ ਦੀਆਂ ਚਾਬੀਆਂ ਉਹਨਾਂ ਨੂੰ ਦੇ ਦਿੱਤੀਆਂ। ਪਰ ਅਗਲੇ ਦਿਨ ਮੂਲਰਾਜ ਦੇ ਕੁਝ ਸੈਨਿਕਾਂ ਨੇ ਦੋਹਾਂ ਅੰਗਰੇਜ਼ ਅਫ਼ਸਰਾਂ ਨੂੰ ਮਾਰ ਦਿੱਤਾ ਅਤੇ ਕਾਹਨ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਅੰਗਰੇਜਾਂ ਨੇ ਸਾਰੀ ਘਟਨਾ ਦੀ ਜਿੰਮੇਵਾਰੀ ਮੂਲਰਾਜ ਤੇ ਪਾ ਦਿੱਤੀ। ਇਸ ਲਈ ਮੁਲਰਾਜ ਨੇ ਵਿਦਰੋਹ ਕਰ ਦਿੱਤਾ।
9. **ਸਰਦਾਰ ਚਤਰ ਸਿੰਘ ਦਾ ਵਿਦਰੋਹ** :ਸਰਦਾਰ ਚਤਰ ਸਿੰਘ ਅਟਾਰੀਵਾਲਾ ਹਜ਼ਾਰਾ ਦਾ ਨਾਜ਼ਿਮ ਸੀ। ਅੰਗਰੇਜ਼ਾਂ ਦੇ ਭੜਕਾਏ ਹੋਏ ਕੁਝ ਮੁਸਲਮਾਨਾਂ ਨੇ ਸਰਦਾਰ ਚਤਰ ਸਿਘ ਅਟਾਰੀਵਾਲਾ ਦੇ ਰਿਹਾਇਸ਼ ਤੇ ਹਮਲਾ ਕਰ ਦਿੱਤਾ। ਚਤਰ ਸਿੰਘ ਨੇ ਅੰਗਰੇਜ਼ਾਂ ਨੂੰ ਉਹਨਾਂ ਖਿਲਾਫ਼ ਕਾਰਵਾਈ ਕਰਨ ਲਈ ਕਿਹਾ। ਅੰਗਰੇਜ਼ਾਂ ਨੇ ਉਲਟਾ ਸਰਦਾਰ ਚਤਰ ਸਿੰਘ ਨੂੰ ਹੀ ਉਸਦੇ ਅਹੁਦੇ ਤੋਂ ਹਟਾ ਦਿੱਤਾ। ਚਤਰ ਸਿੰਘ ਨੇ ਅੰਗਰੇਜਾਂ ਵਿਰੁੱਧ ਵਿਦਰੋਹ ਕਰ ਦਿੱਤਾ।
10. **ਸ਼ੇਰ ਸਿੰਘ ਦਾ ਵਿਦਰੋਹ:** ਸ਼ੇਰ ਸਿੰਘ, ਚਤਰ ਸਿੰਘ ਦਾ ਪੁੱਤਰ ਸੀ। ਜਦੋਂ ਉਸਨੂੰ ਆਪਣੇ ਪਿਤਾ ਨਾਲ ਹੋਈ ਬਦਸਲੂਕੀ ਦਾ ਪਤਾ ਲੱਗਿਆ ਤਾਂ ਉਸਨੇ ਅੰਗਰੇਜਾਂ ਖਿਲਾਫ਼ ਵਿਦਰੋਹ ਕਰ ਦਿੱਤਾ।